11-MAR-PAGE-1.qxd 3/10/2024 9:28 PM Page 1


ਸੋਮਵਾਰ, 11 ਮਾਰਚ, 2024

28 ਫੱਗਣ { ਨਾਨਕਸ਼ਾਹੀ 555 / ਬਿਕਰਮੀ 2080

ਜਿਲਦ/VOL. : 72

ਅੰਕ/NO. : 281

# ਨਵਾਂ ਜ਼ਮਾਨਾ

DAILY NAWAN ZAMANA • MONDAY, 11 MARCH, 2024 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12


# ਭਾਜਪਾ 'ਚ ਪਟਾਕੇ ਪੈਣ ਲੱਗੇ, ਸਰ ਛੋਟੂ ਰਾਮ ਦੇ ਪੜਦੋਹਤੇ ਸਾਂਸਦ ਬ੍ਰਿਜੇਂਦਰ ਸਿੰਘ ਕਾਂਗਰਸ 'ਚ



**ਨਵੀਂ ਦਿੱਲੀ** : ਭਾਜਪਾ ਦੇ ਹਿਸਾਰ ਤੋਂ ਲੋਕ ਸਭਾ ਮੈਂਬਰ ਬ੍ਰਿਜੇਂਦਰ ਸਿੰਘ ਐਤਵਾਰ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇਣ ਦਾ ਐਲਾਨ ਕਰਨ ਤੋਂ ਕੁਝ ਸਮਾਂ ਬਾਅਦ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਦੇ ਘਰ ਪਹੁੰਚ ਕੇ ਕਾਂਗਰਸ ਵਿਚ ਸ਼ਾਮਲ ਹੋ ਗਏ।

ਬ੍ਰਿਜੇਂਦਰ ਹਰਿਆਣਾ ਦੇ ਜਾਟ ਆਗੂ ਤੇ ਸਾਬਕਾ ਕੇਂਦਰੀ ਮੰਤਰੀ ਬੀਰੇਂਦਰ ਸਿੰਘ ਦੇ ਪੁੱਤਰ ਤੇ ਮਹਾਨ ਕਿਸਾਨ ਆਗੂ ਸਰ ਛੋਟੂ ਰਾਮ ਦੇ ਪੜਦੋਹਤੇ ਹਨ।

ਅਕਤੂਬਰ 2023 ਵਿਚ ਬੀਰੇਂਦਰ ਸਿੰਘ ਨੇ ਜੀਂਦ ਦੀ ਰੈਲੀ ਵਿਚ ਚਿਤਾਵਨੀ ਦਿੱਤੀ ਸੀ ਕਿ ਜੇ ਭਾਜਪਾ ਨੇ ਉਪ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਨਾਲ ਹਰਿਆਣਾ ਵਿਚ ਗੱਠਜੋੜ ਜਾਰੀ ਰੱਖਿਆ ਤਾਂ ਉਹ ਭਾਜਪਾ ਛੱਡ ਦੇਣਗੇ। ਇਸ ਚਿਤਾਵਨੀ ਤੋਂ ਕਰੀਬ ਪੰਜ ਮਹੀਨੇ ਬਾਅਦ ਉਨ੍ਹਾ ਦੇ ਬੇਟੇ ਬ੍ਰਿਜੇਂਦਰ ਸਿੰਘ ਨੇ ਭਾਜਪਾ ਛੱਡ ਦਿੱਤੀ। ਬ੍ਰਿਜੇਂਦਰ ਨੇ 'ਐਕਸ' 'ਤੇ ਅਸਤੀਫੇ ਦਾ ਐਲਾਨ ਕਰਦਿਆਂ ਕਿਹਾ—ਮੈਂ ਸਿਆਸੀ ਕਾਰਨਾਂ ਕਰਕੇ ਭਾਜਪਾ ਦੀ ਮੈਂਬਰੀ ਛੱਡੀ ਹੈ। ਮੈਂ ਪਾਰਟੀ ਦੇ ਕੌਮੀ ਪ੍ਰਧਾਨ ਸ੍ਰੀ ਜੇ ਪੀ ਨੱਢਾ, ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਤੇ ਸ੍ਰੀ ਅਮਿਤ ਸ਼ਾਹ ਦਾ ਸ਼ੁਕਰਗੁਜ਼ਾਰ ਹਾਂ, ਜਿਨ੍ਹਾਂ ਮੈਨੂੰ ਸੰਸਦ ਮੈਂਬਰ ਵਜੋਂ ਹਿਸਾਰ ਦੀ ਸੇਵਾ ਦਾ ਮੌਕਾ ਦਿੱਤਾ।

ਸੂਤਰਾਂ ਦਾ ਕਹਿਣਾ ਹੈ ਕਿ ਬੀਰੇਂਦਰ ਸਿੰਘ ਵੀ ਇਕ ਰੈਲੀ ਕਰਕੇ ਕਾਂਗਰਸ ਵਿਚ ਪਰਤ ਸਕਦੇ ਹਨ। 2014 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ 'ਚ ਸ਼ਾਮਲ ਹੋਣ ਤੋਂ ਪਹਿਲਾਂ ਉਨ੍ਹਾ ਰੈਲੀ ਕੀਤੀ ਸੀ।

ਭਾਜਪਾ ਨੇ ਉਨ੍ਹਾ ਨੂੰ ਰਾਜ ਸਭਾ ਮੈਂਬਰ ਤੇ ਕੇਂਦਰੀ ਮੰਤਰੀ ਬਣਾਇਆ ਸੀ। ਬੀਰੇਂਦਰ ਸਿੰਘ ਬ੍ਰਿਟਿਸ਼ ਰਾਜ ਵੇਲੇ ਕੀਤੇ ਫੈਸਲਿਆਂ ਕਾਰਨ ਕਿਸਾਨਾਂ ਵਿਚ ਬਹੁਤ ਹੀ ਸਤਿਕਾਰੇ ਜਾਂਦੇ ਸਰ ਛੋਟੂ ਰਾਮ ਦੇ ਦੋਹਤੇ ਹਨ। ਉਹ ਹਰਿਆਣਾ ਕਾਂਗਰਸ ਦੇ ਦੋ ਵਾਰ ਪ੍ਰਧਾਨ ਵੀ ਰਹੇ ਹਨ। ਉਹ ਰਿਸ਼ਤੇ ਵਿਚ ਹਰਿਆਣਾ ਦੇ ਵੱਡੇ ਕਾਂਗਰਸ ਆਗੂ ਤੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੇ ਭਰਾ ਲੱਗਦੇ ਹਨ।

# ਮਮਤਾ ਨੇ ਸਾਰੇ ਉਮੀਦਵਾਰ ਐਲਾਨੇ

**ਕੋਲਕਾਤਾ** : ਤ੍ਰਿਣਮੂਲ ਕਾਂਗਰਸ ਦੀ ਪ੍ਰਧਾਨ ਤੇ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਐਤਵਾਰ ਕੋਲਕਾਤਾ ਦੇ ਬ੍ਰਿਗੇਡ ਪਰੇਡ ਮੈਦਾਨ ਵਿਚ ਵਿਸ਼ਾਲ ਰੈਲੀ ਕਰਕੇ ਲੋਕ ਸਭਾ ਚੋਣਾਂ ਲਈ ਪੱਛਮੀ ਬੰਗਾਲ ਤੋਂ ਆਪਣੇ ਸਾਰੇ ਦੇ ਸਾਰੇ 42 ਉਮੀਦਵਾਰਾਂ ਦਾ ਐਲਾਨ ਕਰ ਦਿੱਤਾ। ਪਾਰਟੀ ਨੇ ਬਹਿਰਾਮਪੁਰ ਤੋਂ ਸਾਬਕਾ ਕ੍ਰਿਕਟਰ ਯੂਸੁਫ ਪਠਾਨ, ਡਾਇਮੰਡ ਹਾਰਬਰ ਤੋਂ ਅਭਿਸ਼ੇਕ ਬੈਨਰਜੀ, ਬਸ਼ੀਰਹਾਟ ਤੋਂ ਹਾਜੀ ਨੂਰੁਲ ਇਸਲਾਮ, ਬਰਧਮਾਨ ਤੋਂ ਕੀਰਤੀ ਆਜ਼ਾਦ, ਦਾਰਜੀਲਿੰਗ ਤੋਂ ਗੋਪਾਲ ਲਾਮਾ, ਕ੍ਰਿਸ਼ਨਾਨਗਰ ਤੋਂ ਮਹੂਆ ਮੋਇਤਰਾ, ਬੀਰਭੂਮ ਤੋਂ ਸ਼ਤਾਬਦੀ ਰੇਅ ਤੇ ਆਸਨਸੋਲ ਤੋਂ ਸ਼ਤਰੂਘਨ ਸਿਨਹਾ ਨੂੰ ਉਮੀਦਵਾਰ ਐਲਾਨਿਆ ਹੈ।

ਪਾਰਟੀ ਨੇ 7 ਸਾਂਸਦਾਂ ਨੂੰ ਮੁੜ ਟਿਕਟ ਨਹੀਂ ਦਿੱਤੀ ਹੈ ਤੇ 15 ਨੂੰ ਮੁੜ ਉਮੀਦਵਾਰ ਬਣਾਇਆ ਹੈ। ਲਿਸਟ ਵਿਚ 12 ਮਹਿਲਾਵਾਂ ਹਨ। ਯੂਸੁਫ ਪਠਾਨ ਦਾ ਮੁਕਾਬਲਾ ਬਹਿਰਾਮਪੁਰ ਵਿਚ ਕਾਂਗਰਸ ਦੇ ਲੋਕ ਸਭਾ ਵਿਚ ਆਗੂ ਅਧੀਰ ਰੰਜਨ ਚੌਧਰੀ ਨਾਲ ਹੋਵੇਗਾ।

ਚੌਧਰੀ ਨੇ ਕਿਹਾ ਹੈ ਕਿ ਜੇ ਤ੍ਰਿਣਮੂਲ ਕਾਂਗਰਸ ਯੂਸੁਫ ਪਠਾਨ ਨੂੰ ਮਾਣ ਬਖਸ਼ਣਾ ਚਾਹੁੰਦੀ ਸੀ ਤਾਂ ਰਾਜ ਸਭਾ ਵਿਚ ਭੇਜ ਸਕਦੀ ਸੀ। ਪਠਾਨ ਨੂੰ ਆਮ ਲੋਕਾਂ ਦਾ ਧਰੁਵੀਕਰਨ ਕਰਕੇ ਭਾਜਪਾ ਨੂੰ ਫਾਇਦਾ ਪਹੁੰਚਾਉਣ ਲਈ ਖੜ੍ਹਾ ਕੀਤਾ ਗਿਆ ਹੈ। ਤ੍ਰਿਣਮੂਲ ਕਾਂਗਰਸ ਦੀ ਲਿਸਟ ਸਾਬਤ ਕਰਦੀ ਹੈ ਕਿ ਮਮਤਾ ਬੈਨਰਜੀ 'ਤੇ ਹੋਰਨਾਂ ਪਾਰਟੀਆਂ ਨੂੰ ਭਰੋਸਾ ਨਹੀਂ ਕਰਨਾ ਚਾਹੀਦਾ। ਉਨ੍ਹਾ ਅੱਗੇ ਕਿਹਾ—ਮਮਤਾ ਬੈਨਰਜੀ ਨੂੰ ਡਰ ਹੈ ਕਿ ਜੇ ਇੰਡੀਆ ਗੱਠਜੋੜ ਨਾਲ ਰਹੀ ਤਾਂ ਪ੍ਰਧਾਨ ਮੰਤਰੀ ਮੋਦੀ ਨਾਰਾਜ਼ ਹੋਣਗੇ। ਇੰਡੀਆ ਤੋਂ ਵੱਖ ਹੁੰਦਿਆਂ ਉਨ੍ਹਾ ਪ੍ਰਧਾਨ ਮੰਤਰੀ ਦਫਤਰ ਨੂੰ ਸੁਨੇਹਾ ਘੱਲਿਆ ਹੈ ਕਿ ਮੇਰੇ

## ਪਤਾ ਨੀ ਕਿਹੜੇ ਦਬਾਅ ਥੱਲੇ ਆ ਗਈ : ਜੈ ਰਾਮ

ਨਾਲ ਨਾਰਾਜ਼ ਨਾ ਹੋਇਓ, ਮੈਂ ਭਾਜਪਾ ਖਿਲਾਫ ਲੜਨ ਵਾਲਿਆਂ ਨਾਲ ਨਹੀਂ ਖੜ੍ਹੀ।

ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਹੈ ਕਿ ਉਹ ਪੱਛਮੀ ਬੰਗਾਲ ਵਿਚ ਸਭ ਨੂੰ ਪ੍ਰਵਾਨਤ ਸੀਟ ਐਡਜਸਟਮੈਂਟ ਚਾਹੁੰਦੇ ਸਨ। ਕਾਂਗਰਸ ਦਾ ਸਮਾਜਵਾਦੀ ਪਾਰਟੀ, ਦਿੱਲੀ ਵਿਚ ਆਮ ਆਦਮੀ ਪਾਰਟੀ, ਤਾਮਿਲਨਾਡੂ ਵਿਚ ਡੀ ਐੱਮ ਕੇ ਨਾਲ ਸਮਝੌਤਾ ਹੋ ਚੁੱਕਾ ਹੈ ਤੇ ਜੰਮੂ-ਕਸ਼ਮੀਰ ਵਿਚ ਨੈਸ਼ਨਲ ਕਾਨਫਰੰਸ ਨਾਲ ਤੇ ਮਹਾਰਾਸ਼ਟਰ ਵਿਚ ਭਾਈਵਾਲਾਂ ਨਾਲ ਸਮਝੌਤਾ ਨੇੜੇ ਪੁੱਜ ਚੁੱਕਾ ਹੈ। ਕਾਂਗਰਸ ਇੰਡੀਆ ਗੱਠਜੋੜ ਨੂੰ ਤਕੜਾ ਕਰਨ ਲਈ ਤ੍ਰਿਣਮੂਲ ਕਾਂਗਰਸ ਨਾਲ ਸਮਝੌਤਾ ਚਾਹੁੰਦੀ ਸੀ। ਮਮਤਾ ਬੈਨਰਜੀ ਨੇ ਵੀ ਵਾਰ-ਵਾਰ ਕਿਹਾ ਕਿ ਉਹ ਪੱਛਮੀ ਬੰਗਾਲ ਵਿਚ ਭਾਜਪਾ ਨੂੰ ਹਰਾਉਣਾ ਚਾਹੁੰਦੀ ਹੈ। ਪਤਾ ਨਹੀਂ ਕਿਸ ਦਬਾਅ ਵਿਚ ਉਨ੍ਹਾ ਆਪਣੇ ਉਮੀਦਵਾਰ ਐਲਾਨ ਦਿੱਤੇ। ਦੇਖਦੇ ਹਾਂ ਕਿ ਅੱਗੇ ਕੀ ਹੁੰਦਾ ਹੈ।

ਇਸੇ ਦੌਰਾਨ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ—ਸਾਡੇ ਦਰਵਾਜ਼ੇ ਹਰ ਵੇਲੇ ਖੁੱਲ੍ਹੇ ਹਨ। ਨਾਮਜ਼ਦਗੀਆਂ ਵਾਪਸ ਲੈਣ ਤੋਂ ਪਹਿਲਾਂ ਕਿਸੇ ਵੀ ਸਮੇਂ ਤ੍ਰਿਣਮੂਲ ਨਾਲ ਗੱਠਜੋੜ ਹੋ ਸਕਦਾ ਹੈ।

ਪਿਛਲੀ ਵਾਰ ਤ੍ਰਿਣਮੂਲ ਕਾਂਗਰਸ ਨੇ 22, ਭਾਜਪਾ ਨੇ 18 ਤੇ ਕਾਂਗਰਸ ਨੇ ਦੋ ਸੀਟਾਂ ਜਿੱਤੀਆਂ ਸਨ।

## ਮਨਪ੍ਰੀਤ ਬਾਦਲ ਦੇ ਦੋ ਸਟੰਟ ਪਾਉਣੇ ਪਏ



**ਬਠਿੰਡਾ** : ਸਾਬਕਾ ਵਿੱਤ ਮੰਤਰੀ ਤੇ ਭਾਜਪਾ ਆਗੂ ਮਨਪ੍ਰੀਤ ਬਾਦਲ ਦੀ ਦਿਲ ਦੀ ਨਾੜੀ ਬਲਾਕ ਹੋਣ ਕਾਰਨ ਤਬੀਅਤ ਵਿਗੜ ਗਈ ਤੇ ਐਤਵਾਰ ਨਿਜੀ ਹਸਪਤਾਲ ਵਿਚ ਦੋ ਸਟੰਟ ਪਾ ਕੇ ਨਾੜੀ ਖੋਲ੍ਹ ਦਿੱਤੀ ਗਈ। ਹਸਪਤਾਲ ਦੇ ਡਾਕਟਰ ਰਾਜੇਸ਼ ਜਿੰਦਲ ਨੇ ਦੱਸਿਆ—ਮਨਪ੍ਰੀਤ ਦੇ ਸੀਨੇ ਵਿਚ ਸ਼ਨੀਵਾਰ ਰਾਤ ਤੇ ਐਤਵਾਰ ਸਵੇਰੇ ਦਰਦ ਹੋਇਆ। ਈ ਸੀ ਜੀ ਤੇ ਐਂਜੀਓਗ੍ਰਾਫੀ ਨਾਲ ਇਕ ਨਾੜੀ ਬਲਾਕ ਹੋਣ ਦਾ ਪਤਾ ਲੱਗਿਆ। ਉਹ ਛੇਤੀ ਹੀ ਠੀਕ ਹੋ ਜਾਣਗੇ। ਮਨਪ੍ਰੀਤ ਨੇ ਤਾਇਆ ਜੀ ਪ੍ਰਕਾਸ਼ ਸਿੰਘ ਬਾਦਲ ਦੀ ਬਰਸੀ 'ਤੇ ਜਾਣਾ ਸੀ ਪਰ ਤਬੀਅਤ ਖਰਾਬ ਹੋਣ ਕਾਰਨ ਨਹੀਂ ਜਾ ਸਕੇ। ਸੁਖਬੀਰ ਬਾਦਲ ਉਨ੍ਹਾ ਦਾ ਹਾਲ ਜਾਨਣ ਹਸਪਤਾਲ ਪਹੁੰਚੇ।

## ਸ਼ਿਲੌਂਗ ਦੇ ਪੰਜਾਬੀ ਲੇਨ ਇਲਾਕੇ 'ਚ ਜ਼ਬਰਦਸਤ ਧਮਾਕਾ

**ਸ਼ਿਲੌਂਗ** : ਸ਼ਿਲੌਂਗ ਦੇ ਪੰਜਾਬੀ ਲੇਨ ਇਲਾਕੇ ਵਿਚ ਆਈ ਈ ਡੀ ਨਾਲ ਕੀਤੇ ਧਮਾਕੇ ਵਿਚ ਇਕ ਵਿਅਕਤੀ ਜ਼ਖਮੀ ਹੋ ਗਿਆ। ਪੁਲਸ ਮੁਤਾਬਕ ਧਮਾਕਾ ਸ਼ਨਿੱਚਰਵਾਰ ਰਾਤ ਸਾਢੇ ਦਸ ਵਜੇ ਦੇ ਕਰੀਬ ਹੋਇਆ। ਈਸਟ ਖਾਸੀ ਹਿੱਲਜ਼ ਦੇ ਡੀ ਐੱਸ ਪੀ ਰਿਤੂਰਾਜ ਰਵੀ ਨੇ ਕਿਹਾ-ਸਿੰਡੀਕੇਟ ਬੱਸ ਸਟੈਂਡ ਨੇੜੇ ਧਮਾਕਾ ਇਕ ਟੀਨ ਦੇ ਡੱਬੇ ਵਿਚ ਕੀਤਾ ਗਿਆ। ਧਮਾਕੇ ਨਾਲ ਨੇੜਲੀਆਂ ਖਿੜਕੀਆਂ ਦੇ ਸ਼ੀਸ਼ੇ ਤਿੜਕ ਗਏ। ਪੰਜਾਬੀ ਲੇਨ ਵਿਚ ਰਹਿੰਦੇ ਲੋਕਾਂ ਤੇ ਹਰੀਜਨ ਪੰਚਾਇਤ ਕਮੇਟੀ ਦੇ ਸਕੱਤਰ ਗੁਰਜੀਤ ਸਿੰਘ ਨੇ ਦੱਸਿਆ ਕਿ ਧਮਾਕਾ ਇੰਨਾ ਜ਼ੋਰਦਾਰ ਸੀ ਕਿ ਕੰਨ ਸੁੰਨ ਹੋ ਗਏ ਤੇ ਇਸ ਨੇ ਇਲਾਕੇ ਦੀਆਂ ਇਮਾਰਤਾਂ ਨੂੰ ਹਿਲਾ ਕੇ ਰੱਖ ਦਿੱਤਾ।

## ਰਾਹੁਲ ਨੂੰ ਸਲਾਹ

**ਨਵੀਂ ਦਿੱਲੀ** : ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਦੇ ਜਨਰਲ ਸਕੱਤਰ ਡੀ ਰਾਜਾ ਨੇ ਕਿਹਾ ਹੈ ਕਿ ਰਾਹੁਲ ਗਾਂਧੀ ਵਰਗੇ ਕੱਦ ਵਾਲੇ ਆਗੂ ਨੂੰ ਲੋਕ ਸਭਾ ਚੋਣ ਕਿਸੇ ਅਜਿਹੀ ਸੀਟ ਤੋਂ ਲੜਨੀ ਚਾਹੀਦੀ ਹੈ, ਜਿੱਥੋਂ ਉਹ ਸੱਤਾਧਾਰੀ ਭਾਜਪਾ ਨੂੰ ਸਿੱਧੀ ਚੁਣੌਤੀ ਦੇ ਸਕਣ। ਉਨ੍ਹਾ ਇਹ ਟਿੱਪਣੀ ਕਾਂਗਰਸ ਵੱਲੋਂ ਰਾਹੁਲ ਗਾਂਧੀ ਨੂੰ ਕੇਰਲਾ ਦੇ ਵਾਇਨਾਡ ਹਲਕੇ ਤੋਂ ਮੁੜ ਉਮੀਦਵਾਰ ਐਲਾਨੇ ਜਾਣ ਤੋਂ ਬਾਅਦ ਕੀਤੀ ਹੈ। ਸੀ ਪੀ ਆਈ ਦੀ ਐਨੀ ਰਾਜਾ (ਡੀ ਰਾਜਾ ਦੀ ਪਤਨੀ) ਨੂੰ ਖੱਬੇ ਜਮਹੂਰੀ ਮੁਹਾਜ਼ ਨੇ ਵਾਇਨਾਡ ਤੋਂ ਉਮੀਦਵਾਰ ਬਣਾਇਆ ਹੈ।

## ਪਿਸ਼ਾਵਰ 'ਚ ਧਮਾਕਾ, 2 ਮੌਤਾਂ



**ਇਸਲਾਮਾਬਾਦ** : ਪਾਕਿਸਤਾਨ ਦੇ ਖੈਬਰ ਪਖਤੂਨਖਵਾ ਸੂਬੇ 'ਚ ਐਤਵਾਰ ਹੋਏ ਇਕ ਧਮਾਕੇ 'ਚ ਘੱਟੋ-ਘੱਟ ਦੋ ਲੋਕਾਂ ਦੀ ਮੌਤ ਹੋ ਗਈ ਅਤੇ ਇਕ ਹੋਰ ਜ਼ਖਮੀ ਹੋ ਗਿਆ। ਪੁਲਸ ਨੇ ਦੱਸਿਆ ਕਿ ਘਟਨਾ ਬੋਰਡ ਬਜ਼ਾਰ, ਨਾਸਿਰ ਬਾਗ ਰੋਡ ਪਿਸ਼ਾਵਰ 'ਚ ਵਾਪਰੀ ਜਿੱਥੇ ਮੋਟਰਸਾਈਕਲ 'ਚ ਬੰਬ ਰੱਖਿਆ ਗਿਆ ਸੀ। ਫੌਰੀ ਤੌਰ 'ਤੇ ਕਿਸੇ ਸੰਗਠਨ ਨੇ ਧਮਾਕੇ ਦੀ ਜ਼ਿੰਮੇਵਾਰੀ ਨਹੀਂ ਲਈ।

# ਸੰਘ ਤੇ ਮੋਦੀ ਦਾ ਲੁਕਵਾਂ ਏਜੰਡਾ ਜੱਗ-ਜ਼ਾਹਰ



**ਨਵੀਂ ਦਿੱਲੀ** : ਰਾਹੁਲ ਗਾਂਧੀ ਨੇ ਕਰਨਾਟਕ ਦੇ ਭਾਜਪਾ ਸਾਂਸਦ ਅਨੰਤ ਕੁਮਾਰ ਹੈਗੜੇ ਦੇ ਇਸ ਬਿਆਨ 'ਤੇ ਤਿੱਖੀ ਪ੍ਰਤੀਕਿਰਿਆ ਕੀਤੀ ਹੈ ਕਿ ਭਾਜਪਾ ਸੰਵਿਧਾਨ ਨੂੰ ਮੁੜ ਲਿਖਣ ਲਈ ਹੀ ਐਤਕੀਂ ਲੋਕ ਸਭਾ ਦੀਆਂ 400 ਸੀਟਾਂ ਮੰਗ ਰਹੀ ਹੈ। ਉੱਤਰ ਕੰਨੜਾ ਤੋਂ ਸਾਂਸਦ ਹੈਗੜੇ ਨੇ ਕਿਹਾ ਸੀ—ਕਾਂਗਰਸ ਆਗੂਆਂ ਨੇ ਬੀਤੇ ਵਿਚ ਸੰਵਿਧਾਨ 'ਚ ਇਸ ਤਰ੍ਹਾਂ ਸੋਧਾਂ ਕੀਤੀਆਂ ਕਿ ਹਿੰਦੂਵਾਦ ਅੱਗੇ ਨਾ ਆ ਸਕੇ। ਸਾਨੂੰ ਆਪਣੇ ਧਰਮ ਨੂੰ ਬਚਾਉਣ ਲਈ ਸੰਵਿਧਾਨ ਬਦਲਣ ਦੀ ਲੋੜ ਹੈ। ਲੋਕ ਸਭਾ ਵਿਚ ਸਾਡੇ ਕੋਲ ਦੋ-ਤਿਹਾਈ ਬਹੁਮਤ ਹੈ, ਪਰ ਸੰਵਿਧਾਨ ਬਦਲਣ ਲਈ ਰਾਜ ਸਭਾ ਵਿਚ ਨਹੀਂ। 400 ਤੋਂ ਵੱਧ ਸੀਟਾਂ ਆਉਣ 'ਤੇ ਅਸੀਂ ਸੰਵਿਧਾਨ ਬਦਲ ਸਕਾਂਗੇ। ਰਾਜਾਂ ਵਿਚ ਵੀ ਦੋ-ਤਿਹਾਈ ਬਹੁਮਤ ਚਾਹੀਦਾ ਹੈ। ਇਸ ਤਰ੍ਹਾਂ ਸਾਨੂੰ ਲੋਕ ਸਭਾ, ਰਾਜ ਸਭਾ ਤੇ ਰਾਜਾਂ ਵਿਚ ਦੋ-ਤਿਹਾਈ ਬਹੁਮਤ ਚਾਹੀਦਾ ਹੈ। ਇਸ ਤੋਂ ਬਾਅਦ ਸੰਵਿਧਾਨ ਬਦਲ ਕੇ ਹਿੰਦੂਵਾਦ ਨੂੰ ਅੱਗੇ ਲਿਆਉਣ ਦੇ ਰਾਹ ਵਿਚ ਸਾਰੀਆਂ ਰੁਕਾਵਟਾਂ ਦੂਰ ਹੋ ਜਾਣਗੀਆਂ।

ਰਾਹੁਲ ਗਾਂਧੀ ਨੇ ਕਿਹਾ ਹੈ ਕਿ ਭਾਜਪਾ ਸਾਂਸਦ ਦਾ ਬਿਆਨ ਕਿ ਉਨ੍ਹਾਂ ਨੂੰ 400 ਸੀਟਾਂ ਸੰਵਿਧਾਨ ਬਦਲਣ ਲਈ ਚਾਹੀਦੀਆਂ ਹਨ, ਨਰਿੰਦਰ ਮੋਦੀ ਤੇ ਉਨ੍ਹਾ ਦੇ ਸੰਘ ਪਰਵਾਰ ਦੇ ਲੁਕਵੇਂ ਮਨਸੂਬਿਆਂ ਦਾ ਜਨਤਕ ਐਲਾਨ ਹੈ। ਨਰਿੰਦਰ ਮੋਦੀ ਤੇ ਭਾਜਪਾ ਦਾ ਅੰਤਮ ਨਿਸ਼ਾਨਾ ਬਾਬਾ ਸਾਹਿਬ ਦੇ ਸੰਵਿਧਾਨ ਨੂੰ ਖਤਮ ਕਰਨਾ ਹੈ। ਉਨ੍ਹਾਂ ਨੂੰ ਇਨਸਾਫ, ਬਰਾਬਰੀ, ਨਾਗਰਿਕ ਅਧਿਕਾਰ ਤੇ ਜਮਹੂਰੀਅਤ ਤੋਂ ਨਫਰਤ ਹੈ। ਸਮਾਜ ਨੂੰ ਵੰਡ ਕੇ, ਮੀਡੀਆ ਨੂੰ ਗੁਲਾਮ ਬਣਾ ਕੇ, ਪ੍ਰਗਟਾਵੇ ਦੀ ਆਜ਼ਾਦੀ 'ਤੇ ਪਹਿਰਾ ਲਾ ਕੇ ਅਤੇ ਆਜ਼ਾਦ ਸੰਸਥਾਵਾਂ ਨੂੰ ਨਿੱਸਲ ਕਰਕੇ ਆਪੋਜ਼ੀਸ਼ਨ ਨੂੰ ਮਿਟਾਉਣ ਦੀ ਸਾਜ਼ਿਸ਼ ਨਾਲ ਉਹ ਭਾਰਤ ਦੀ ਮਹਾਨ ਜਮਹੂਰੀਅਤ ਨੂੰ ਤੰਗਨਜ਼ਰ ਤਾਨਾਸ਼ਾਹੀ ਵਿਚ ਬਦਲਣਾ ਚਾਹੁੰਦੇ ਹਨ। ਅਸੀਂ ਆਜ਼ਾਦੀ ਦੇ ਨਾਇਕਾਂ ਦੇ ਸੁਫਨਿਆਂ ਨਾਲ ਇਹ ਖੜਯੰਤਰ ਸਫਲ ਨਹੀਂ ਹੋਣ ਦੇਵਾਂਗੇ ਅਤੇ ਆਖਰੀ ਸਾਹ ਤੱਕ ਸੰਵਿਧਾਨ ਨਾਲ ਮਿਲੇ ਜਮਹੂਰੀ ਅਧਿਕਾਰਾਂ ਦੀ ਲੜਾਈ ਲੜਦੇ ਰਹਾਂਗੇ। ਸੰਵਿਧਾਨ ਦਾ ਹਰ ਸਿਪਾਹੀ, ਖਾਸ ਕਰਕੇ ਦਲਿਤ, ਆਦਿਵਾਸੀ, ਪੱਛੜੇ ਤੇ ਘੱਟਗਿਣਤੀਆਂ ਜਾਗਣ, ਆਪਣੀ ਆਵਾਜ਼ ਉਠਾਉਣ-ਇੰਡੀਆ ਤੁਹਾਡੇ ਨਾਲ ਹੈ।

## ਜ਼ਰਦਾਰੀ ਨੇ ਰਾਸ਼ਟਰਪਤੀ ਵਜੋਂ ਸਹੁੰ ਚੁੱਕੀ



**ਇਸਲਾਮਾਬਾਦ** : ਪਾਕਿਸਤਾਨ ਪੀਪਲਜ਼ ਪਾਰਟੀ ਦੇ ਸਹਿ-ਚੇਅਰਮੈਨ ਆਸਿਫ ਅਲੀ ਜ਼ਰਦਾਰੀ (68) ਨੇ ਐਤਵਾਰ ਮੁਲਕ ਦੇ 14ਵੇਂ ਰਾਸ਼ਟਰਪਤੀ ਵਜੋਂ 'ਐਵਾਨ-ਏ-ਸਦਰ' ਵਿਚ ਹਲਫ ਲਿਆ। ਚੀਫ ਜਸਟਿਸ ਕਾਜ਼ੀ ਫੈਜ਼ ਈਸਾ ਨੇ ਜ਼ਰਦਾਰੀ ਨੂੰ ਹਲਫ ਦਿਵਾਇਆ। ਜ਼ਰਦਾਰੀ ਨੇ ਡਾ. ਆਰਿਫ ਅਲਵੀ ਦੀ ਥਾਂ ਲਈ ਹੈ, ਜਿਨ੍ਹਾ ਦਾ ਕਾਰਜਕਾਲ ਪਿਛਲੇ ਸਾਲ ਸਤੰਬਰ ਵਿਚ ਮੁੱਕ ਗਿਆ ਸੀ। ਹਾਲਾਂਕਿ ਉਹ ਪੰਜ ਮਹੀਨੇ ਹੋਰ ਇਸ ਅਹੁਦੇ 'ਤੇ ਬਣੇ ਰਹੇ। ਹਲਫਦਾਰੀ ਸਮਾਗਮ ਵਿਚ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਤੋਂ ਇਲਾਵਾ ਤਿੰਨਾਂ ਸੈਨਾਵਾਂ ਦੇ ਮੁਖੀ, ਸੀਨੀਅਰ ਅਧਿਕਾਰੀ ਤੇ ਡਿਪਲੋਮੈਟ ਮੌਜੂਦ ਸਨ। ਇਸ ਦੌਰਾਨ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਆਸਿਫ ਅਲੀ ਜ਼ਰਦਾਰੀ ਨੂੰ ਪਾਕਿਸਤਾਨ ਦਾ ਰਾਸ਼ਟਰਪਤੀ ਚੁਣੇ ਜਾਣ 'ਤੇ ਵਧਾਈ ਦਿੱਤੀ ਹੈ। ਉਨ੍ਹਾ ਕਿਹਾ ਕਿ ਦੋਵਾਂ ਮੁਲਕਾਂ ਦਰਮਿਆਨ ਲੋਹੇ ਵਰਗੀ ਮਜ਼ਬੂਤ ਦੋਸਤੀ 'ਇਤਿਹਾਸ ਦੀ ਚੋਣ' ਹੈ ਤੇ ਚੀਨ-ਪਾਕਿ ਰਿਸ਼ਤਿਆਂ ਦੀ ਰਣਨੀਤਕ ਮਹੱਤਤਾ ਹੈ।

# ਅੰਤਰਰਾਸ਼ਟਰੀ ਨਸ਼ਾ ਤਸਕਰੀ ਮਾਮਲੇ 'ਚ 22 ਕਿਲੋ ਅਫੀਮ ਸਮੇਤ 9 ਗ੍ਰਿਫਤਾਰ

**ਜਲੰਧਰ (ਸ਼ੈਲੀ ਐਲਬਰਟ)**

ਪੁਲਸ ਕਮਿਸ਼ਨਰ ਸਵਪਨ ਸ਼ਰਮਾ ਦੀ ਅਗਵਾਈ ਹੇਠ ਜਲੰਧਰ ਕਮਿਸ਼ਨਰੇਟ ਪੁਲਸ ਵੱਲੋਂ ਅੰਤਰਰਾਸ਼ਟਰੀ ਨਸ਼ਾ ਤਸਕਰੀ ਦੇ ਮਾਮਲੇ ਵਿੱਚ ਇੱਕ ਵੱਡੀ ਸਫਲਤਾ ਹਾਸਲ ਕਰਦੇ ਹੋਏ ਪੁਲਸ ਨੇ 22 ਕਿਲੋ ਅਫੀਮ ਸਮੇਤ 9 ਹੋਰ ਸਮੱਗਲਰਾਂ ਨੂੰ ਕਾਬੂ ਕੀਤਾ ਹੈ ਜੋ ਕਿ ਇਸ ਰੈਕੇਟ ਦਾ ਹਿੱਸਾ ਸਨ। ਵੇਰਵਿਆਂ ਦਾ ਖੁਲਾਸਾ ਕਰਦੇ ਹੋਏ ਪੁਲਸ ਕਮਿਸ਼ਨਰ ਨੇ ਦੱਸਿਆ ਕਿ ਇਸ ਮਾਮਲੇ ਦੀ ਅਗਲੇਰੀ ਜਾਂਚ ਦੌਰਾਨ ਉਤਪਾਦਕਾਂ, ਕੁਲੈਕਟਰਾਂ, ਸਪਲਾਇਰਾਂ, ਪੈਕੇਜਰਾਂ, ਕੋਰੀਅਰ ਆਪਰੇਟਰਾਂ, ਮਦਦਗਾਰਾਂ ਅਤੇ ਅੰਤਮ ਪ੍ਰਾਪਤਕਰਤਾਵਾਂ ਸਮੇਤ ਸਾਰੇ ਹਿੱਸੇਦਾਰਾਂ ਦੀ ਗ੍ਰਿਫਤਾਰੀ ਅਤੇ ਨਾਮਜ਼ਦਗੀ ਨਾਲ ਪੂਰੀ ਸਪਲਾਈ ਚੇਨ ਨੂੰ ਤੋੜ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਡੂੰਘਾਈ ਨਾਲ ਜਾਂਚ ਦੇ ਆਧਾਰ 'ਤੇ ਅਭੀ ਰਾਮ ਉਰਫ ਅਲੈਕਸ ਵਾਸੀ ਝਾਰਖੰਡ ਨੂੰ 12 ਕਿਲੋ ਅਫੀਮ ਸਮੇਤ ਰਾਂਚੀ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਸਵਪਨ ਸ਼ਰਮਾ ਨੇ ਦੱਸਿਆ ਕਿ ਜਲੰਧਰ ਦੇ ਮਨੀ, ਪਵਨ, ਸਿਕੰਦਰ ਅਤੇ ਹੁਸ਼ਿਆਰਪੁਰ ਦੇ ਬਲਿਹਾਰ ਨੂੰ ਪੰਜ ਕਿਲੋ ਅਫੀਮ, ਤਿੰਨ ਗੱਡੀਆਂ ਅਤੇ ਪੈਕੇਜਿੰਗ ਸਮੱਗਰੀ ਸਮੇਤ ਕਾਬੂ ਕੀਤਾ ਗਿਆ ਹੈ। ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਇਨ੍ਹਾਂ ਚਾਰਾਂ ਦੀ ਆਪਣੀ ਕੋਰੀਅਰ ਕੰਪਨੀ/ਫਰਮਾਂ ਹਨ ਜੋ ਅਫੀਮ ਇਕੱਠੀ ਕਰਨ, ਪੈਕਿੰਗ ਕਰਨ ਅਤੇ ਦਿੱਲੀ ਦੇ ਕਸਟਮ ਨੂੰ ਕੋਰੀਅਰ ਭੇਜਣ ਵਿੱਚ ਸ਼ਾਮਲ ਸਨ। ਉਨ੍ਹਾਂ ਦੱਸਿਆ ਕਿ ਇਹ ਲੋਕ ਯੂ.ਕੇ., ਅਮਰੀਕਾ, ਆਸਟ੍ਰੇਲੀਆ ਅਤੇ ਕੈਨੇਡਾ ਸਥਿਤ ਪੰਜ ਵਿਦੇਸ਼ੀ ਸੰਸਥਾਵਾਂ ਤੋਂ ਅਫੀਮ ਦੇ ਪੈਕਟ ਪਹੁੰਚਾਉਣ ਦੇ ਟਿਕਾਣੇ ਦਾ ਵੇਰਵਾ ਲੈਂਦੇ ਸਨ। ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਜਲੰਧਰ ਦੀ ਅਮਰਜੀਤ ਕੌਰ ਅਤੇ ਸੰਨੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਕਿਉਂਕਿ ਉਹ ਹਵਾਲਾ ਰੂਟਾਂ ਰਾਹੀਂ ਨਸ਼ਿਆਂ ਦੇ ਪੈਸੇ ਨੂੰ ਦੇਸ਼ ਵਿੱਚ ਦਾਖਲ ਕਰਨ ਵਿੱਚ ਸ਼ਾਮਲ ਸਨ। ਉਨ੍ਹਾਂ ਕੋਲੋਂ ਨਸ਼ੀਲੇ ਪਦਾਰਥਾਂ ਦੇ ਪੈਸੇ ਲਿਜਾਣ ਲਈ ਵਰਤਿਆ ਜਾਣ ਵਾਲਾ ਵਾਹਨ ਵੀ ਜ਼ਬਤ ਕੀਤਾ ਗਿਆ ਹੈ ਅਤੇ ਫਗਵਾੜਾ ਤੋਂ ਵੈਸਟਰਨ ਯੂਨੀਅਨ ਸੰਚਾਲਕ ਅਮਿਤ ਸ਼ੁਕਲਾ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ ਕਿਉਂਕਿ ਉਹ ਪੰਜਾਬ, ਝਾਰਖੰਡ ਅਤੇ ਦਿੱਲੀ ਵਿੱਚ ਹਵਾਲਾ ਲੈਣ-ਦੇਣ ਵਿੱਚ ਸ਼ਾਮਲ ਸੀ, ਜਿੱਥੇ ਵਿਦੇਸ਼ਾਂ ਤੋਂ ਨਸ਼ੀਲੇ ਪਦਾਰਥਾਂ ਦੇ ਪੈਸੇ ਆਪ੍ਰੇਟਰਾਂ ਨੂੰ ਵੰਡੇ ਜਾਂਦੇ ਸਨ। ਉਨ੍ਹਾਂ ਕਿਹਾ ਕਿ ਦਿੱਲੀ ਦੇ ਪ੍ਰਮੋਦ ਨੂੰ ਦਿੱਲੀ ਕਸਟਮ ਅਧਿਕਾਰੀਆਂ ਨਾਲ ਤਾਲਮੇਲ ਕਰਨ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਕਿਹਾ ਕਿ ਵਿਦੇਸ਼ਾਂ ਵਿੱਚ ਆਵਾਜਾਈ ਲਈ ਹਰ ਪਾਰਸਲ ਨੂੰ ਕਲੀਅਰ ਕਰਨ ਲਈ ਕਸਟਮ ਅਧਿਕਾਰੀਆਂ ਨੂੰ ਵੱਡੀ ਰਕਮ ਅਦਾ ਕੀਤੀ ਗਈ ਸੀ। ਸਵਪਨ ਸ਼ਰਮਾ ਨੇ ਦੱਸਿਆ ਕਿ ਕਸਟਮ ਵਿਭਾਗ ਦੇ ਛੇ ਅਧਿਕਾਰੀਆਂ ਨੂੰ ਵੀ ਨਾਮਜ਼ਦ ਕੀਤਾ ਗਿਆ ਹੈ ਅਤੇ ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾ ਕਿਹਾ ਕਿ 9 ਕਰੋੜ ਦੀ ਵੱਡੀ ਰਕਮ ਵਾਲੇ 30 ਬੈਂਕ ਖਾਤੇ ਫ੍ਰੀਜ਼ ਕੀਤੇ ਗਏ ਅਤੇ ਡਰੱਗ ਮਨੀ ਤੋਂ ਬਣੀਆਂ 6 ਕਰੋੜ ਦੀਆਂ 12 ਜਾਇਦਾਦਾਂ ਦੀ ਪਛਾਣ ਕੀਤੀ ਗਈ ਹੈ । ਕਮਿਸ਼ਨਰੇਟ ਪੁਲਸ ਨੇ 3 ਮਾਰਚ ਨੂੰ ਕੋਰੀਅਰ ਏਜੰਸੀ ਰਾਹੀਂ ਚਾਰ ਦੇਸ਼ਾਂ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਇੱਕ ਅੰਤਰਰਾਸ਼ਟਰੀ ਡਰੱਗ ਕਾਰਟੇਲ ਦਾ ਪਰਦਾਫਾਸ਼ ਕੀਤਾ ਹੈ ਅਤੇ ਤਿੰਨ ਵਿਅਕਤੀਆਂ ਨੂੰ 5 ਕਿਲੋਗ੍ਰਾਮ ਅਫੀਮ ਸਮੇਤ ਗ੍ਰਿਫਤਾਰ ਕੀਤਾ ਹੈ।

# ਦਿੱਲੀ ਮਹਾਂਪੰਚਾਇਤ 'ਚ ਪੇਂਡੂ ਤੇ ਮਜ਼ਦੂਰ ਜਥੇਬੰਦੀਆਂ ਸ਼ਮੂਲੀਅਤ ਕਰਨਗੀਆਂ : ਗੋਰੀਆ

**ਸ਼ਾਹਕੋਟ (ਗਿਆਨ ਸੈਦਪੁਰੀ)**



ਖੇਤ ਮਜ਼ਦੂਰ ਜਥੇਬੰਦੀਆਂ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵਿਰੁੱਧ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਸੰਘਰਸ਼ ਨੂੰ ਤੇਜ਼ ਕਰਨ ਲਈ ਨਵੀਂ ਦਿੱਲੀ ਦੇ ਰਾਮ ਲੀਲ੍ਹਾ ਮੈਦਾਨ ਵਿਖੇ 14 ਮਾਰਚ ਨੂੰ ਕਿਸਾਨ-ਮਜ਼ਦੂਰ ਮਹਾਂਪੰਚਾਇਤ ਲਈ ਵੱਡੀ ਗਿਣਤੀ ਵਿੱਚ ਖੇਤੀ ਅਤੇ ਪੇਂਡੂ ਮਜ਼ਦੂਰਾਂ ਨੂੰ ਲਾਮਬੰਦ ਕਰਨ ਦਾ ਸੱਦਾ ਦਿੱਤਾ ਹੈ। ਇਸ ਗੱਲ ਦਾ ਪ੍ਰਗਟਾਵਾ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਕਾਮਰੇਡ ਗੁਲਜ਼ਾਰ ਸਿੰਘ ਗੋਰੀਆ ਨੇ ਕੀਤਾ। ਉਨ੍ਹਾਂ ਆਲ ਇੰਡੀਆ ਐਗਰੀਕਲਚਰਲ ਵਰਕਰ ਯੂਨੀਅਨ, ਭਾਰਤੀ ਖੇਤ ਮਜ਼ਦੂਰ ਯੂਨੀਅਨ, ਆਲ ਇੰਡੀਆ ਸੰਯੁਕਤ ਕਿਸਾਨ ਸਭਾ, ਆਲ ਇੰਡੀਆ ਐਗਰੀਕਲਚਰਲ ਐਂਡ ਰੂਰਲ ਐਸੋਸੀਏਸ਼ਨ ਅਤੇ ਐਕਸੋ ਦੇ ਆਗੂਆਂ ਦੇ ਦਸਤਖਤਾਂ ਵਾਲਾ ਸਾਂਝਾ ਬਿਆਨ ਜਾਰੀ ਕਰਦਿਆਂ ਕਿਹਾ ਕਿ ਦਿੱਲੀ ਦੀਆਂ ਸਰਹੱਦਾਂ ਅਤੇ ਪੂਰੇ ਭਾਰਤ ਵਿੱਚ ਸਾਲ ਭਰ ਦੇ ਕਿਸਾਨ ਸੰਘਰਸ਼ ਤੋਂ ਬਾਅਦ ਐੱਸ.ਕੇ.ਐੱਮ. ਨਾਲ ਸਮਝੌਤੇ ਵਿੱਚ ਕੇਂਦਰ ਸਰਕਾਰ ਵੱਲੋਂ ਮੰਨੀਆਂ ਗਈਆਂ ਮੰਗਾਂ ਨੂੰ ਲਾਗੂ ਕਰਵਾਉਣ ਲਈ ਕਿਸਾਨ ਅਤੇ ਖੇਤ ਮਜ਼ਦੂਰ ਸੰਘਰਸ਼ ਕਰ ਰਹੇ ਹਨ। ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ ਕਿਸਾਨ ਵਿਰੋਧੀ ਅਤੇ ਲੋਕ ਵਿਰੋਧੀ ਖੇਤੀ ਕਾਨੂੰਨ ਵਾਪਸ ਲੈਣ ਲਈ ਮਜਬੂਰ ਕਰ ਦਿੱਤਾ ਸੀ, ਜੋ ਭਾਰਤ ਦੇ ਵੱਡੇ ਕਾਰਪੋਰੇਟਾਂ ਨੂੰ ਲਾਭ ਪਹੁੰਚਾਉਣ ਲਈ ਲਿਆਂਦੇ ਗਏ ਸਨ।

ਤਿੰਨ ਖੇਤੀ ਕਾਨੂੰਨ ਵਾਪਸ ਲੈਣ ਦੇ ਬਾਵਜੂਦ ਕੇਂਦਰ ਸਰਕਾਰ ਨੇ ਨਵਉਦਾਰਵਾਦ ਦੀਆਂ ਆਪਣੀਆਂ ਨੀਤੀਆਂ ਨੂੰ ਜਾਰੀ ਰੱਖਿਆ ਅਤੇ ਸਵਾਮੀਨਾਥਨ ਕਮਿਸ਼ਨ ਦੁਆਰਾ ਸਿਫਾਰਸ਼ ਕੀਤੇ ਕਿਸਾਨਾਂ ਨੂੰ ਉਨ੍ਹਾਂ ਦੇ ਜਾਇਜ਼ ਐੱਮ.ਐੱਸ.ਪੀ. (2+50) ਤੋਂ ਇਨਕਾਰ ਕਰ ਦਿੱਤਾ ਗਿਆ। ਰਾਜ ਸਰਕਾਰਾਂ ਖਾਸ ਕਰਕੇ ਭਾਜਪਾ ਸ਼ਾਸਤ ਰਾਜ ਸਰਕਾਰਾਂ ਨੇ ਕਾਰਪੋਰੇਟਾਂ ਨੂੰ ਲਾਭ ਪਹੁੰਚਾਉਣ ਲਈ ਜ਼ਮੀਨੀ ਕਾਨੂੰਨਾਂ ਵਿੱਚ ਸੋਧ ਕੀਤੀ ਹੈ। ਖੁਰਾਕ ਸੁਰੱਖਿਆ ਨਾਲ ਸਮਝੌਤਾ ਕੀਤਾ ਗਿਆ ਹੈ ਅਤੇ ਭੁੱਖਮਰੀ ਸੂਚਕਅੰਕ ਵਿੱਚ ਭਾਰਤ ਦੀ ਦਰਜਾਬੰਦੀ ਸਾਲ ਦਰ ਸਾਲ ਘਟਦੀ ਜਾ ਰਹੀ ਹੈ। ਪੇਂਡੂ ਗਰੀਬਾਂ ਦੀ ਰੋਜ਼ੀ-ਰੋਟੀ ਅਤੇ ਪੇਂਡੂ ਆਰਥਿਕਤਾ ਮਨਰੇਗਾ ਲਈ ਆਪਣੀ ਕੀਮਤ ਸਾਬਤ ਕਰਨ ਦੇ ਬਾਵਜੂਦ, ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਇਸ ਯੋਜਨਾ ਨੂੰ ਖਤਮ ਕਰਨ ਲਈ ਕੰਮ ਕਰ ਰਹੀ ਹੈ। ਇਸ ਮੰਗ- ਸੰਚਾਲਿਤ ਰੁਜ਼ਗਾਰ ਯੋਜਨਾ ਨੂੰ ਮੋਦੀ ਸ਼ਾਸਨ ਦੁਆਰਾ ਨਾਕਾਫੀ ਫੰਡਿੰਗ, ਘੱਟ ਉਜਰਤ ਦਰਾਂ, ਸਮਾਜਿਕ ਆਡਿਟ ਬੁਨਿਆਦੀ ਢਾਂਚੇ ਨੂੰ ਕਮਜ਼ੋਰ ਕਰਨ, ਮਨਰੇਗਾ ਦੇ ਮਜ਼ਦੂਰਾਂ ਅਤੇ ਸਥਾਨਕ ਅਧਿਕਾਰੀਆਂ ਦੋਵਾਂ ਨੂੰ ਨਿਰਾਸ਼ ਕਰਨ ਅਤੇ ਸਭ ਤੋਂ ਮਹੱਤਵਪੂਰਨ ਹਾਲ ਹੀ ਵਿੱਚ (ਆਨਲਾਇਨ) ਹਾਜ਼ਰੀ ਵਿੱਚ ਕੀਤੀਆਂ ਤਬਦੀਲੀਆਂ ਦੁਆਰਾਂ ਕਮਜ਼ੋਰ ਕੀਤਾ ਗਿਆ ਹੈ। ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਅਪਣਾਈਆਂ ਗਈਆਂ ਨਵਉਦਾਰਵਾਦੀ ਆਰਥਿਕ ਨੀਤੀਆਂ ਖੇਤੀ ਸੰਕਟ ਨੂੰ ਡੂੰਘਾ ਕਰਨ ਵੱਲ ਅਗਵਾਈ ਕਰ ਰਹੀਆਂ ਹਨ। ਜਿਸ ਦੇ ਨਤੀਜੇ ਵਜੋਂ ਪੇਂਡੂ ਭਾਰਤ ਵਿੱਚ ਵੱਡੀ ਬੇਰੁਜ਼ਗਾਰੀ ਹੋ ਰਹੀ ਹੈ। 2013-14 ਤੋਂ 2018-19 ਤੱਕ ਪ੍ਰਮੁੱਖ ਖੇਤੀਬਾੜੀ ਅਤੇ ਗੈਰ-ਖੇਤੀਬਾੜੀ ਕਿੱਤਿਆਂ ਲਈ ਉਜਰਤਾਂ ਵਿੱਚ 3 ਫੀਸਦੀ ਪ੍ਰਤੀ ਸਾਲ ਦੀ ਕਮੀ ਆਈ ਹੈ।

ਪੇਂਡੂ ਮਜ਼ਦੂਰੀ ਵਿੱਚ ਗਿਰਾਵਟ ਦੇ ਮੁੱਖ ਕਾਰਨ ਨੋਟਬੰਦੀ, ਜੀ.ਐੱਸ.ਟੀ. ਨੂੰ ਲਾਗੂ ਕਰਨਾ ਅਤੇ ਮਨਰੇਗਾ ਸਮੇਤ ਕਈ ਸਮਾਜਿਕ ਸੁਰੱਖਿਆ ਯੋਜਨਾਵਾਂ ਲਈ ਬਜਟ ਵੰਡ ਵਿੱਚ ਕਮੀ ਅਤੇ ਸਬਸਿਡੀਆਂ ਵਿੱਚ ਕਟੌਤੀ ਹਨ। ਇਨ੍ਹਾਂ ਨੀਤੀਆਂ ਖਿਲਾਫ ਅਤੇ ਲਟਕਦੀਆਂ ਮੰਗਾਂ ਲਈ ਚੱਲ ਰਹੇ ਕਿਸਾਨ ਸੰਘਰਸ਼ ਨੂੰ ਹੋਰ ਤੇਜ਼ ਕਰਨ ਲਈ 14 ਮਾਰਚ ਨੂੰ ਰਾਮ ਲੀਲ੍ਹਾ ਗਰਾਊਂਡ, ਨਵੀਂ ਦਿੱਲੀ ਵਿਖੇ ਕਿਸਾਨ-ਮਜ਼ਦੂਰ ਮਹਾਂਪੰਚਾਇਤ ਦੀ ਮੁਹਿੰਮ ਵਿਚ ਕਿਸਾਨ-ਮਜ਼ਦੂਰ ਜਥੇਬੰਦੀਆਂ ਸ਼ਾਮਲ ਹੋਣਗੀਆਂ।


## ਵਿਸ਼ੇਸ਼ ਸਪਲੀਮੈਂਟ



ਕਪੂਰਥਲਾ ਤੋਂ ਜਰਨਲਿਸਟ ਪ੍ਰੈੱਸ ਕਲੱਬ (ਰਜਿ.) ਪੰਜਾਬ ਦੀ 10ਵੀਂ ਵਰ੍ਹੇਗੰਢ ਮੌਕੇ 20 ਮਾਰਚ ਨੂੰ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਸਮੱਗਰੀ ਦੇਣ ਲਈ ਸਾਡੇ ਪੱਤਰਕਾਰ ਪ੍ਰੀਤ ਸੰਗੋਜਲਾ ਨਾਲ ਮੋਬਾਇਲ 99143-35663 'ਤੇ ਸੰਪਰਕ ਕਰੋ।

-ਜਨਰਲ ਮੈਨੇਜਰ


## ਪੱਤਰਕਾਰਾਂ ਲਈ ਸੂਚਨਾ

'ਨਵਾਂ ਜ਼ਮਾਨਾ' ਦੇ ਜਿਨ੍ਹਾਂ ਪ੍ਰਤੀਨਿਧਾਂ ਦੇ ਸ਼ਨਾਖਤੀ ਕਾਰਡ ਦੀ ਮਿਆਦ ਲੰਘ ਚੁੱਕੀ ਹੈ, ਉਨ੍ਹਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪੋ-ਆਪਣੇ ਕਾਰਡ ਜਲਦੀ ਤੋਂ ਜਲਦੀ 'ਨਵਾਂ ਜ਼ਮਾਨਾ' ਦਫਤਰ ਆ ਕੇ ਬਾਅਦ ਦੁਪਹਿਰ ਸ਼ੁੱਕਰਵਾਰ ਅਤੇ ਸੋਮਵਾਰ ਨੂੰ 2 ਵਜੇ ਤੋਂ ਸ਼ਾਮ 5 ਵਜੇ ਤੱਕ ਨਵਿਆਉਣ। ਪਿਛਲੇ ਸਾਲ ਦੀ ਅਧਿਕਾਰਤ ਪੱਤਰ ਦੀ ਕਾਪੀ ਨਾਲ ਲਿਆਉਣ। -ਮੈਨੇਜਰ

# ਚੋਣਾਂ ਮੌਕੇ ਸੁਖਬੀਰ ਵੱਲੋਂ ਸਾਰੇ ਅਕਾਲੀ ਧੜਿਆਂ ਨੂੰ ਇਕੱਠੇ ਹੋਣ ਦੀ ਅਪੀਲ



**ਮੁਕਤਸਰ ਸਾਹਿਬ** : ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਐਤਵਾਰ ਆਪਣੇ ਪਿਤਾ ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪਹਿਲੀ ਬਰਸੀ 'ਤੇ ਸਾਰੇ ਅਕਾਲੀ ਧੜਿਆਂ ਨੂੰ ਮੁੜ ਇਕਜੁੱਟ ਹੋਣ ਦੀ ਅਪੀਲ ਕੀਤੀ ਹੈ। ਬਾਦਲ ਦਾ ਪਿਛਲੇ ਸਾਲ 25 ਅਪ੍ਰੈਲ ਨੂੰ ਦੇਹਾਂਤ ਹੋ ਗਿਆ ਸੀ। ਬਰਸੀ ਸਮਾਗਮ ਵਿਚ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਤੇ ਅਰਵਿੰਦ ਖੰਨਾ ਵੀ ਮੌਜੂਦ ਸਨ। ਜਾਖੜ ਨੇ ਆਪਣੇ ਸੰਬੋਧਨ ਵਿਚ ਬਾਦਲ ਨੂੰ ਆਪਣਾ ਸਿਆਸੀ ਗੁਰੂ ਦੱਸਿਆ। ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਵਿਚਾਲੇ ਗੱਠਜੋੜ ਨੂੰ ਲੈ ਕੇ ਕੋਈ ਗੱਲ ਨਹੀਂ ਹੋਈ। ਸਾਰੇ ਆਗੂਆਂ ਨੇ ਬਾਦਲ ਨੂੰ ਕਿਸਾਨ ਹੱਕਾਂ ਦਾ ਹਮਾਇਤੀ ਦੱਸਿਆ। ਕੁਝ ਸਿਆਸਤਦਾਨਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਨੁਕਤਾਚੀਨੀ ਕੀਤੀ। ਇਸ ਮੌਕੇ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ, ਉਪ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਤੇ ਰਣਜੀਤ ਚੌਟਾਲਾ ਵੀ ਮੌਜੂਦ ਸਨ।

## ਕਾਂਗਰਸ ਦੀ ਦੂਜੀ ਲਿਸਟ ਅੱਜ

**ਸੂਰਤ** : ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਹਾਲਾਂਕਿ ਗੁਜਰਾਤ ਦੀ ਭਰੂਚ ਸੀਟ 'ਤੇ ਮਰਹੂਮ ਆਗੂ ਅਹਿਮਦ ਪਟੇਲ ਦਾ ਦਬਦਬਾ ਰਿਹਾ, ਕਾਂਗਰਸ ਨੇ ਇਹ ਸੀਟ ਆਮ ਆਦਮੀ ਪਾਰਟੀ ਲਈ ਇਸ ਕਰਕੇ ਛੱਡੀ ਕਿ ਗੱਠਜੋੜ ਨੂੰ ਤਕੜਾ ਕਰਨ ਲਈ ਸਮਝੌਤਿਆਂ ਦੀ ਲੋੜ ਹੈ। ਰਾਹੁਲ ਦੀ ਭਾਰਤ ਜੋੜੋ ਨਿਆਏ ਯਾਤਰਾ ਦੌਰਾਨ ਤਾਪੀ ਜ਼ਿਲ੍ਹੇ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਮੇਸ਼ ਨੇ ਕਿਹਾ ਕਿ ਕਾਂਗਰਸ ਉਮੀਦਵਾਰਾਂ ਦੀ ਦੂਜੀ ਲਿਸਟ ਸੋਮਵਾਰ ਸ਼ਾਮ ਨੂੰ ਜਾਰੀ ਕਰੇਗੀ।

## ਅੱਜ-ਨਾਮਾ

ਨਿੱਤ ਦਿਨ ਟਿਕਟ ਲਈ ਹੋਣ ਐਲਾਨ ਲੱਗੇ,  
ਅੱਗੜ-ਪਿੱਛੜ ਹੀ ਖਬਰ ਤਾਂ ਆਈ ਜਾਂਦੀ।  
ਦੂਸਰੀ ਰਹੀ ਨਹੀਂ ਪਹਿਲੀ ਤੋਂ ਬਹੁਤ ਪਿੱਛੇ,  
ਉਹ ਹੈ ਨਹਿਲੇ 'ਤੇ ਦਹਿਲਾ ਟਿਕਾਈ ਜਾਂਦੀ।  
ਤੀਸਰੀ ਵਕਤ ਸਿਰ ਖੋਲ੍ਹਣਾ ਭੇਦ ਚਾਹੁੰਦੀ,  
ਅਜੇ ਉਹ ਲਿਸਟ ਤਿਆਰ ਲੁਕਾਈ ਜਾਂਦੀ।  
ਮਾਰ ਕੇ ਗੁੱਛੀ ਹੈ ਬੈਠੀ ਕੋਈ ਹੋਰ ਸੁਣਿਆ,  
ਗੁੱਝਾ ਚੱਕਰ ਉਹ ਵੱਡਾ ਜਿਹਾ ਪਾਈ ਜਾਂਦੀ।  
ਇੱਕੋ ਲਿਸਟ ਤੋਂ ਕਈ ਪਏ ਰੰਗ ਨਿਕਲਣ,  
ਜਿੱਤ ਜਾਂ ਹਾਰ ਲਈ ਲਾਉ ਅਨੁਮਾਨ ਬੇਲੀ।  
ਆਪਣੀ ਜਿੱਤ ਦਾ ਸਾਰੇ ਹੀ ਕਰਨ ਦਾਅਵਾ,  
ਬਿਆਨਾਂ ਵਾਲਾ ਵੀ ਬਹੁਤ ਘਮਸਾਨ ਬੇਲੀ।

-ਤੀਸ ਮਾਰ ਖਾਂ

# ਬਿਜਲੀ ਕਾਮੇ 13 ਮਾਰਚ ਦੇ ਝੰਡਾ ਮਾਰਚ 'ਚ ਵਹੀਰਾਂ ਘੱਤ ਕੇ ਪਹੁੰਚਣਗੇ : ਗੰਡੀਵਿੰਡ/ਲਹੌਰੀਆ



**ਤਰਨ ਤਾਰਨ** : ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਦੇ ਮੁਲਾਜ਼ਮ ਮੰਗਾਂ ਪ੍ਰਤੀ ਅਪਣਾਏ ਨਾਂਹ-ਪੱਖੀ ਰਵੱਈਏ ਖਿਲਾਫ ਬਿਜਲੀ ਕਾਮਿਆਂ ਦੀਆਂ ਵੱਖ-ਵੱਖ ਜਥੇਬੰਦੀਆਂ ਦੇ ਅਧਾਰਿਤ ਬਣੇ ਪੀ ਐੱਸ ਈ ਬੀ ਇੰਪਲਾਈਜ਼ ਜੁਆਇੰਟ ਫੋਰਮ ਅਤੇ ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਦੇ ਸਾਂਝੇ ਸੱਦੇ 'ਤੇ 13 ਮਾਰਚ ਨੂੰ ਮੁੱਖ ਮੰਤਰੀ ਦੇ ਸ਼ਹਿਰ ਸੰਗਰੂਰ ਵਿਖੇ ਰੋਸ ਧਰਨਾ ਲਗਾ ਕੇ ਮੁੱਖ ਮੰਤਰੀ ਦੀ ਰਿਹਾਇਸ਼ ਵੱਲ ਕੀਤੇ ਜਾ ਰਹੇ ਝੰਡਾ ਮਾਰਚ ਵਿੱਚ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਜਥੇਬੰਦੀ ਦੇ ਵਰਕਰ ਵਹੀਰਾਂ ਘੱਤ ਕੇ ਪਹੁੰਚਣਗੇ।

ਝੰਡਾ ਮਾਰਚ ਦੀਆਂ ਤਿਆਰੀਆਂ ਸੰਬੰਧੀ ਜਥੇਬੰਦੀ ਦੀ ਸੂਬਾ ਵਰਕਿੰਗ ਕਮੇਟੀ ਮੀਟਿੰਗ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸੂਬਾ ਭਰ ਤੋਂ ਸਰਕਲਾਂ ਦੇ ਪ੍ਰਧਾਨ/ਸਕੱਤਰ/ਜ਼ੋਨ ਕਨਵੀਨਰਾਂ/ਸੂਬਾਈ ਆਗੂਆਂ ਤੋਂ ਇਲਾਵਾ ਪੰਜਾਬ ਏਟਕ ਦੇ ਪ੍ਰਧਾਨ ਕਾਮਰੇਡ ਬੰਤ ਸਿੰਘ ਬਰਾੜ, ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ, ਵਰਕਿੰਗ ਪ੍ਰਧਾਨ ਸੁਖਦੇਵ ਸ਼ਰਮਾ ਅਤੇ ਸਕੱਤਰ ਰਾਜ ਕੁਮਾਰ ਤਿਵਾੜੀ ਨੇ ਉਚੇਚੇ ਤੌਰ 'ਤੇ ਸ਼ਮੂਲੀਅਤ ਕੀਤੀ। ਮੀਟਿੰਗ ਦੇ ਸ਼ੁਰੂ ਵਿੱਚ ਸਾਬਕਾ ਆਗੂ ਬਲਵਿੰਦਰ ਸਿੰਘ ਸੰਧੂ, ਸ਼ਹੀਦ ਕਿਸਾਨ ਸ਼ੁੱਭਕਰਨ ਸਿੰਘ, ਮੁਲਾਜ਼ਮ ਆਗੂ ਮੇਲਾ ਸਿੰਘ ਦੇ ਪਿਤਾ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕਰਨ ਉਪਰੰਤ ਇਕੱਤਰ ਆਗੂਆਂ ਨੂੰ ਸੰਬੋਧਨ ਕਰਦਿਆਂ ਕਾਮਰੇਡ ਧਾਲੀਵਾਲ ਨੇ ਪੰਜਾਬ ਸਰਕਾਰ ਤੇ ਚੋਣਾਂ ਸਮੇਂ ਮੁਲਾਜ਼ਮ ਅਤੇ ਮਜ਼ਦੂਰ ਵਰਗ ਨਾਲ ਕੀਤੇ ਵਾਅਦਿਆਂ ਤੋਂ ਮੁੱਕਰ ਕੇ ਪੂੰਜੀਪਤੀਆਂ ਦੇ ਹਿੱਤ ਪਾਲਣ ਦੇ ਦੋਸ਼ ਲਗਾਏ । ਜਥੇਬੰਦੀ ਦੇ ਜਨਰਲ ਸਕੱਤਰ ਸਰਿੰਦਰਪਾਲ ਲਹੌਰੀਆ ਨੇ ਦੱਸਿਆ ਕਿ ਪਾਵਰ ਮੈਨੇਜਮੈਂਟ ਨਾਲ ਮੁਲਾਜ਼ਮ ਮੰਗਾਂ ਸੰਬੰਧੀ 5 ਮਾਰਚ ਨੂੰ ਹੋਈ ਮੀਟਿੰਗ ਸਮੇਂ ਮੈਨੇਜਮੈਂਟ ਦਾ ਰਵੱਈਆ ਬਹੁਤ ਅੱਖੜ ਅਤੇ ਵਾਜਿਬ ਮਸਲਿਆਂ ਨੂੰ ਹੱਲ ਕਰਨ ਦੀ ਬਜਾਏ ਟਾਲ-ਮਟੋਲ ਕਰਨ ਵਾਲਾ ਸੀ, ਜਿਸ ਦੇ ਖਿਲਾਫ 6 ਮਾਰਚ ਨੂੰ ਬਿਜਲੀ ਨਿਗਮ ਦੇ ਮੁੱਖ ਦਫਤਰ ਪਟਿਆਲਾ ਵਿਖੇ ਸੂਬਾ ਪੱਧਰ ਦਾ ਰੋਸ ਧਰਨਾ ਲਗਾਉਣ ਦੇ ਬਾਵਜੂਦ ਵੀ ਮੈਨੇਜਮੈਂਟ ਟੇਬਲ ਤੇ ਬੈਠਣ ਤੋਂ ਮੁਨਕਰ ਹੈ ਤੇ ਧੱਕੇ ਨਾਲ ਕਰਮਚਾਰੀਆਂ ਦੀਆਂ ਦੂਰ-ਦੁਰਾਡੇ ਬਦਲੀਆਂ ਕੀਤੀਆਂ ਜਾ ਰਹੀਆਂ ਹਨ। ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਦੀ ਇਸ ਮੁਲਾਜ਼ਮ ਵਿਰੋਧੀ ਨੀਤੀ ਖਿਲਾਫ ਵੱਡੇ ਪੱਧਰ 'ਤੇ ਲਾਮਬੰਦੀ ਕਰਕੇ ਹੱਕਾਂ ਦੀ ਪ੍ਰਾਪਤੀ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇਗਾ। ਮੁਲਾਜ਼ਮ ਆਗੂਆਂ ਰਛਪਾਲ ਸਿੰਘ ਪਾਲੀ, ਦਰਸ਼ਨ ਲਾਲ, ਪ੍ਰਦਿਊਮਨ ਗੌਤਮ, ਮਨਜੀਤ ਸਿੰਘ ਬਾਸਰਕੇ, ਗੁਰਧਿਆਨ ਸਿੰਘ, ਦਵਿੰਦਰ ਸਿੰਘ ਰੋਪੜ ਆਦਿ ਨੇ 14 ਮਾਰਚ ਨੂੰ ਸੰਯੁਕਤ ਕਿਸਾਨ ਮੋਰਚੇ ਅਤੇ ਕੇਂਦਰੀ ਟਰੇਡ ਯੂਨੀਅਨਾਂ ਦੇ ਸਾਂਝੇ ਦੇਸ਼-ਵਿਆਪੀ ਸੱਦੇ 'ਤੇ ਦਿੱਲੀ ਰਾਮ ਲੀਲ੍ਹਾ ਗਰਾਊਂਡ ਵਿੱਚ ਕੇਂਦਰ ਸਰਕਾਰ ਦੀਆਂ ਕਿਸਾਨ ਤੇ ਹੋ ਰਹੀ ਮਹਾਂ ਪੰਚਾਇਤ ਵਿੱਚ ਭਰਵੀਂ ਸ਼ਮੂਲੀਅਤ ਕਰਨ ਦਾ ਅਹਿਦ ਲਿਆ।

## ਵਿਸ਼ਵ ਰੰਗ-ਮੰਚ ਦਿਹਾੜੇ 'ਤੇ 27 ਨੂੰ ਨਾਟ ਮੰਚਨ 'ਤੇ ਵਿਚਾਰ ਚਰਚਾ

**ਜਲੰਧਰ** : ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ 27 ਮਾਰਚ ਵਿਸ਼ਵ ਰੰਗ ਮੰਚ ਦਿਹਾੜੇ ਮੌਕੇ 'ਮੈਂ ਫਿਰ ਆਵਾਂਗਾ' ਅਤੇ 'ਏਕ ਅਨੇਕ' ਨਾਟਕ ਦਾ ਮੰਚਨ ਹੋਏਗਾ। ਇਸ ਮੌਕੇ ਰੰਗ ਮੰਚ : ਚੁਣੌਤੀਆਂ ਅਤੇ ਸੰਭਾਵਨਾਵਾਂ' ਵਿਸ਼ੇ 'ਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਟਰੱਸਟੀ ਪ੍ਰੋ. ਵਰਿਆਮ ਸਿੰਘ ਸੰਧੂ ਸਮੇਂ ਦੀਆਂ ਹਾਣੀ ਗੱਲਾਂ ਕਰਨਗੇ।

ਉਹਨਾਂ ਦੱਸਿਆ ਕਿ ਫਰੈਂਡਜ਼ ਥੀਏਟਰ ਗਰੁੱਪ, ਜਲੰਧਰ (ਨਾਟ-ਰਚਨਾ : ਪ੍ਰੋ. ਪਾਲੀ ਭੁਪਿੰਦਰ, ਨਿਰਦੇਸ਼ਕ: ਅਸ਼ੋਕ ਕਲਿਆਣ) ਮੈਂ ਫਿਰ ਆਵਾਂਗਾ ਅਤੇ ਸਟਾਈਲ ਆਰਟਸ ਐਸੋਸੀਏਸ਼ਨ, ਜਲੰਧਰ (ਰਚਨਾ ਅਤੇ ਨਿਰਦੇਸ਼ਨਾ : ਨੀਰਜ ਕੌਸ਼ਿਕ) ਏਕ ਅਨੇਕ ਨਾਟਕ ਦਾ ਮੰਚਨ ਕਰਨਗੇ।

ਦੇਸ਼ ਭਗਤ ਯਾਦਗਾਰ ਕਮੇਟੀ ਨੇ 27 ਮਾਰਚ 11 ਵਜੇ ਸਮੂਹ ਸੰਸਥਾਵਾਂ ਅਤੇ ਸ਼ਖਸੀਅਤਾਂ ਨੂੰ ਪਰਵਾਰਾਂ ਸਮੇਤ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਿਖੇ ਪੁੱਜਣ ਦੀ ਅਪੀਲ ਕੀਤੀ ਹੈ।

11-MAR-PAGE-3.qxd 3/10/2024 9:31 PM Page 1




GOVT. OF PUNJAB

# ਸਰਕਾਰ ਵਪਾਰ ਮਿਲਣੀ

## ਪੰਜਾਬ ਸਰਕਾਰ

ਮੁੱਖ ਮੰਤਰੀ

## ਭਗਵੰਤ ਸਿੰਘ ਮਾਨ

ਦੀ ਅਗਵਾਈ ਹੇਠ

## ਸਾਡੇ ਵਿਕਾਸ ਦੇ ਇੰਜਣਾਂ-ਉਦਯੋਗ ਅਤੇ ਵਪਾਰ ਲਈ ਯਕੀਨੀ ਬਣਾ ਰਹੀ ਹੈ ਸੁਖਾਵਾਂ ਮਾਹੌਲ

ਮੁੱਖ ਮਹਿਮਾਨ

## ਸ੍ਰੀ ਅਰਵਿੰਦ ਕੇਜਰੀਵਾਲ

ਮੁੱਖ ਮੰਤਰੀ, ਦਿੱਲੀ

**11 ਮਾਰਚ, 2024**

**ਦੀ ਸੈਵਨ ਪਾਮ, ਨਾਭਾ ਰੋਡ, ਪਟਿਆਲਾ**

**12 ਮਾਰਚ, 2024**

**ਰਾਜ ਮਹਿਲ ਫਾਰਮਜ਼**
**ਟਾਂਡਾ ਰੋਡ, ਹੁਸ਼ਿਆਰਪੁਰ**

**ਸੈਫ਼ਾਇਰ ਰਿਜ਼ੋਰਟ, ਮੋਗਾ**



**ਭਗਵੰਤ ਸਿੰਘ ਮਾਨ**
ਮੁੱਖ ਮੰਤਰੀ, ਪੰਜਾਬ

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

ਨਵਾਂ ਜ਼ਮਾਨਾ
ਸੋਮਵਾਰ, 11 ਮਾਰਚ 2024

# ਚਿੰਤਾਜਨਕ

*ਲੱਦਾਖ ਨੂੰ ਵਿਸ਼ੇਸ਼ ਰੁਤਬਾ ਦਿਵਾਉਣ ਦੀ ਮੁਹਿੰਮ ਚਲਾ ਰਹੇ ਜਲਵਾਯੂ ਕਾਰਕੁੰਨ ਸੋਨਮ ਵਾਂਗਚੁਕ ਨੇ ਸ਼ਨੀਵਾਰ ਬਹੁਤ ਹੀ ਚਿੰਤਾਜਨਕ ਗੱਲ ਕਹੀ ਕਿ ਲੱਦਾਖ ਵਿਚ ਚੀਨ ਤੇ ਪਾਕਿਸਤਾਨ ਨਾਲ ਸਿੱਝਣ ਲਈ ਤਾਇਨਾਤ ਭਾਰਤੀ ਫੌਜੀਆਂ ਦਾ ਮਨੋਬਲ ਬਹੁਤ ਹੀ ਥੱਲੇ ਡਿਗ ਚੁੱਕਾ ਹੈ, ਕਿਉਂਕਿ ਖਿੱਤੇ ਵਿਚ ਸਭ ਤੋਂ ਤਾਕਤਵਰ ਯੋਧੇ ਮੰਨੇ ਜਾਂਦੇ ਲੱਦਾਖੀ, ਸਿੱਖ ਤੇ ਗੋਰਖਾ ਫੌਜੀਆਂ ਵਿਚ ਬੇਚੈਨੀ ਹੈ। ਵਾਂਗਚੁਕ ਲੱਦਾਖ ਨੂੰ ਸੰਵਿਧਾਨ ਦੇ ਛੇਵੇਂ ਸ਼ਡਿਊਲ ਤਹਿਤ ਵਿਸ਼ੇਸ਼ ਰੁਤਬਾ ਤੇ ਰਾਜ ਦਾ ਦਰਜਾ ਦਿਵਾਉਣ ਲਈ ਬੁੱਧਵਾਰ ਤੋਂ ਜਮਾ ਦੇਣ ਵਾਲੀ ਠੰਢ ਵਿਚ ਮਰਨਵਰਤ 'ਤੇ ਬੈਠੇ ਹੋਏ ਹਨ। ਸ਼ਨੀਵਾਰ ਉੱਥੇ ਤਾਪਮਾਨ ਮਨਫੀ 16 ਡਿਗਰੀ ਸੀ। ਵਾਂਗਚੁਕ ਦੇ ਦਾਅਵੇ ਨੇ ਫੌਜ ਵੱਲੋਂ ਵਾਰ-ਵਾਰ ਕੀਤੇ ਜਾਂਦੇ ਇਨ੍ਹਾਂ ਦਾਅਵਿਆਂ 'ਤੇ ਸਵਾਲੀਆ ਨਿਸ਼ਾਨ ਲਾ ਦਿੱਤਾ ਹੈ ਕਿ ਪੂਰਬੀ ਲੱਦਾਖ ਵਿਚ ਲਾਈਨ ਆਫ ਐਕਚੁਅਲ ਕੰਟਰੋਲ ਦੇ ਨਾਲ ਉਸ ਦੀ ਤਿਆਰੀ ਉੱਚ ਦਰਜੇ ਦੀ ਹੈ। ਚੀਫ ਆਫ ਦੀ ਆਰਮੀ ਸਟਾਫ ਜਨਰਲ ਮਨੋਜ ਪਾਂਡੇ ਨੇ ਜਨਵਰੀ ਵਿਚ ਕਿਹਾ ਸੀ ਕਿ ਉੱਤਰੀ ਸਰਹੱਦ ਤੋਂ ਉੱਠਣ ਵਾਲੇ ਖਤਰਿਆਂ ਦਾ ਜਵਾਬ ਦੇਣ ਲਈ ਫੌਜ ਦੀ ਪੂਰੀ ਤਿਆਰੀ ਹੈ। ਵਾਂਗਚੁਕ ਦਾ ਕਹਿਣਾ ਹੈ ਕਿ ਲੱਦਾਖੀ ਫੌਜੀਆਂ ਦਾ ਮਨੋਬਲ ਇਸ ਕਰਕੇ ਟੁੱਟਿਆ ਹੈ ਕਿ ਲੱਦਾਖ ਵਿਚ ਨਾ ਜਮਹੂਰੀਅਤ (ਅਸੰਬਲੀ) ਹੈ ਤੇ ਨਾ ਹੀ ਸਥਾਨਕ ਲੋਕਾਂ ਲਈ ਰਿਜ਼ਰਵੇਸ਼ਨ। ਸਿੱਖ ਫੌਜੀ ਕਿਸਾਨ ਅੰਦੋਲਨ ਕਰਕੇ ਪ੍ਰੇਸ਼ਾਨ ਹਨ, ਕਿਉਂਕਿ ਇਹ ਉਨ੍ਹਾਂ ਦੀਆਂ ਜ਼ਿੰਦਗੀਆਂ ਨਾਲ ਜੁੜਿਆ ਹੋਇਆ ਹੈ। ਗੋਰਖੇ ਥੋੜ੍ਹੀ ਮਿਆਦ ਦੀ ਭਰਤੀ ਵਾਲੀ ਅਗਨੀਵੀਰ ਸਕੀਮ ਕਾਰਨ ਫੌਜ ਜੁਆਇਨ ਕਰਨ ਤੋਂ ਨਾਂਹ ਕਰ ਰਹੇ ਹਨ। ਗੋਰਖਿਆਂ ਦੇ ਮਾਮਲੇ ਵਿਚ ਸਭ ਤੋਂ ਮਾੜੀ ਗੱਲ ਇਹ ਹੈ ਕਿ ਉਹ ਚੀਨੀ ਫੌਜ ਵਿਚ ਭਰਤੀ ਹੋ ਰਹੇ ਹਨ।*

*ਆਪੋਜ਼ੀਸ਼ਨ ਆਗੂਆਂ ਵਾਂਗ ਵਾਂਗਚੁਕ ਵੀ ਇਸ ਗੱਲੋਂ ਨਾਰਾਜ਼ ਹਨ ਕਿ ਕੌਮੀ ਮੀਡੀਆ ਲੱਦਾਖ ਦਾ ਸੱਚ ਨਹੀਂ ਦਿਖਾ ਰਿਹਾ। ਬਹੁਤ ਹੀ ਘੱਟ ਆਬਾਦੀ ਵਾਲੇ ਲੱਦਾਖ ਵਿਚ ਹਜ਼ਾਰਾਂ ਲੋਕ ਕਈ ਵਾਰ ਸੜਕਾਂ 'ਤੇ ਨਿਕਲੇ ਹਨ, ਪਰ ਮੀਡੀਆ ਨੇ ਬਣਦੀ ਕਵਰੇਜ ਨਹੀਂ ਦਿੱਤੀ। ਇਸ ਦੇ ਉਲਟ ਇਕ ਭਾਰਤੀ ਨਾਲ ਵਿਆਹ ਕਰਾਉਣ ਲਈ ਸਰਹੱਦ ਟੱਪ ਕੇ ਇਧਰ ਆਉਣ ਵਾਲੀ ਪਾਕਿਸਤਾਨੀ ਮਹਿਲਾ ਸੀਮਾ ਹੈਦਰ ਬਾਰੇ ਮੀਡੀਆ ਕਈ ਦਿਨ ਚਰਚਾ ਕਰਦਾ ਰਿਹਾ। ਚੀਨ ਤੇ ਪਾਕਿਸਤਾਨ ਨਾਲ ਲੱਗਦੇ ਲੱਦਾਖ ਦੀਆਂ ਮੁਸ਼ਕਲਾਂ ਬਾਰੇ ਮੀਡੀਆ ਨੇ ਮੂੰਹ ਫੇਰਿਆ ਹੋਇਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਗਸਤ 2019 ਵਿਚ ਧਾਰਾ 370 ਖਤਮ ਕਰਕੇ ਜੰਮੂ-ਕਸ਼ਮੀਰ ਤੇ ਲੱਦਾਖ ਨੂੰ ਦੋ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿਚ ਵੰਡਣ ਤੋਂ ਬਾਅਦ ਪਹਿਲੀ ਵਾਰ ਵੀਰਵਾਰ ਕਸ਼ਮੀਰ ਦਾ ਦੌਰਾ ਕਰਦਿਆਂ ਸ੍ਰੀਨਗਰ ਵਿਚ ਦਾਅਵਾ ਕੀਤਾ ਸੀ ਕਿ ਧਾਰਾ 370 ਖਤਮ ਹੋਣ ਤੋਂ ਬਾਅਦ ਖਿੱਤੇ ਦੇ ਲੋਕ ਆਜ਼ਾਦੀ ਨਾਲ ਸਾਹ ਲੈ ਰਹੇ ਹਨ। ਉਨ੍ਹਾ ਦੇ ਦੌਰੇ ਤੋਂ ਇਕ ਦਿਨ ਪਹਿਲਾਂ ਬੁੱਧਵਾਰ ਹਜ਼ਾਰਾਂ ਲੱਦਾਖੀਆਂ ਨੇ ਮੁਜ਼ਾਹਰਾ ਕਰਕੇ ਮੰਗ ਕੀਤੀ ਸੀ ਕਿ ਉਨ੍ਹਾਂ ਨਾਲ ਕੀਤਾ ਗਿਆ ਵਾਅਦਾ ਨਿਭਾਅ ਕੇ ਉਨ੍ਹਾਂ ਨੂੰ ਅਸੰਬਲੀ ਤੇ ਵਿਸ਼ੇਸ਼ ਰੁਤਬਾ ਦਿੱਤਾ ਜਾਵੇ। ਇਸ ਮੁਜ਼ਾਹਰੇ ਵਿਚ ਪ੍ਰਧਾਨ ਮੰਤਰੀ ਦੀ ਰੈਲੀ ਵਿਚ ਸਰਕਾਰ ਵੱਲੋਂ ਢੋਹ ਕੇ ਲਿਆਂਦੇ ਗਏ ਲੋਕਾਂ ਨਾਲੋਂ ਕਿਤੇ ਵੱਧ ਲੋਕ ਸ਼ਾਮਲ ਸਨ, ਜੋ ਦਰਸਾਉਂਦਾ ਹੈ ਕਿ ਲੋਕ ਆਜ਼ਾਦੀ ਨਾਲ ਸਾਹ ਲੈ ਰਹੇ ਹਨ ਕਿ ਘੁਟਣ ਵਿਚ ਹਨ।*

# ਪ੍ਰਦੂਸ਼ਣ ਦੀ ਸਮੱਸਿਆ : ਇੱਕ ਵਿਸ਼ਵਵਿਆਪੀ ਚੁਣੌਤੀ


ਸੰਦੀਪ ਕੌਰ



ਪ੍ਰਦੂਸ਼ਣ, ਇਸ ਦੇ ਵੱਖ-ਵੱਖ ਰੂਪਾਂ ਵਿੱਚ, ਗਲੋਬਲ ਕਮਿਊਨਿਟੀ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀਆਂ ਵਿੱਚੋਂ ਇੱਕ ਵਜੋਂ ਉੱਭਰਿਆ ਹੈ। ਪ੍ਰਦੂਸ਼ਣ ਨੂੰ ਵਾਤਾਵਰਣ ਵਿੱਚ ਖ਼ਤਰਨਾਕ ਮਿਸ਼ਰਣਾਂ ਦੀ ਰਲਾਵਟ ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ। ਇਹ ਪਦਾਰਥ ਗੈਸਾਂ, ਤਰਲ ਜਾਂ ਠੋਸ ਪਦਾਰਥਾਂ ਦੇ ਰੂਪ ਵਿੱਚ ਮੌਜੂਦ ਹੋ ਸਕਦੇ ਹਨ। ਪ੍ਰਦੂਸ਼ਣ ਦਾ ਵਾਤਾਵਰਣ ਅਤੇ ਮਨੁੱਖੀ ਸਿਹਤ ਅਤੇ ਤੰਦਰੁਸਤੀ ਦੋਵਾਂ 'ਤੇ ਹਾਨੀਕਾਰਕ ਪ੍ਰਭਾਵ ਪੈਂਦਾ ਹੈ। ਪ੍ਰਦੂਸ਼ਣ ਕਈ ਰੂਪਾਂ ਵਿੱਚ ਆਉਂਦਾ ਹੈ, ਪਰ ਸਭ ਤੋਂ ਆਮ ਹਨ : ਹਵਾ ਪ੍ਰਦੂਸ਼ਣ, ਜਲ ਪ੍ਰਦੂਸ਼ਣ, ਜ਼ਮੀਨੀ ਪ੍ਰਦੂਸ਼ਣ ਅਤੇ ਸ਼ੋਰ ਪ੍ਰਦੂਸ਼ਣ। ਅੱਜ ਇਸ ਲੇਖ ਦੇ ਜ਼ਰੀਏ ਅਸੀਂ ਪ੍ਰਦੂਸ਼ਣ ਦੀਆਂ ਕਿਸਮਾਂ, ਨਤੀਜੇ ਅਤੇ ਇਸ ਦੇ ਹੱਲ ਬਾਰੇ ਗੱਲ ਕਰਾਂਗੇ।

**ਆਮ ਤੌਰ 'ਤੇ ਪ੍ਰਦੂਸ਼ਣ 4 ਕਿਸਮ ਦਾ ਹੁੰਦਾ ਹੈ :**

1. **ਹਵਾ ਪ੍ਰਦੂਸ਼ਣ**: ਉਦਯੋਗਿਕ ਗਤੀਵਿਧੀਆਂ, ਵਾਹਨਾਂ ਦੇ ਨਿਕਾਸ ਅਤੇ ਹੋਰ ਸਰੋਤਾਂ ਤੋਂ ਹਵਾ ਵਿੱਚ ਪ੍ਰਦੂਸ਼ਕਾਂ ਦੇ ਰਲਣ ਕਾਰਨ ਹਵਾ ਦੀ ਗੁਣਵੱਤਾ ਦਿਨ-ਬ-ਦਿਨ ਵਿਗੜ ਰਹੀ ਹੈ, ਜਿਸ ਕਾਰਨ ਸਾਹ ਦੀਆਂ ਬਿਮਾਰੀਆਂ, ਕਾਰਡੀਓਵੈਸਕੁਲਰ ਸਮੱਸਿਆਵਾਂ ਅਤੇ ਜਲਵਾਯੂ ਤਬਦੀਲੀ ਹਵਾ ਪ੍ਰਦੂਸ਼ਣ ਦੇ ਲੰਬੇ ਸਮੇਂ ਤੱਕ ਸੰਪਰਕ ਦੇ ਗੰਭੀਰ ਨਤੀਜਿਆਂ ਵਜੋਂ ਸਾਹਮਣੇ ਆ ਰਹੇ ਹਨ।

2. **ਪਾਣੀ ਪ੍ਰਦੂਸ਼ਣ**: ਉਦਯੋਗਿਕ ਰਹਿੰਦ-ਖੂੰਹਦ, ਖੇਤੀਬਾੜੀ ਦੇ ਵਹਾਅ ਅਤੇ ਘਰੇਲੂ ਰਹਿੰਦ-ਖੂੰਹਦ ਦੇ ਗਲਤ ਨਿਪਟਾਰੇ ਦੁਆਰਾ ਦਰਿਆਵਾਂ, ਝੀਲਾਂ ਅਤੇ ਸਮੁੰਦਰਾਂ ਦਾ ਦੂਸ਼ਿਤ ਹੋਣਾ ਵਾਤਾਵਰਣ ਅਤੇ ਮਨੁੱਖੀ ਆਬਾਦੀ ਲਈ ਗੰਭੀਰ ਖ਼ਤਰਾ ਹੈ। ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ, ਜੈਵ ਵਿਭਿੰਨਤਾ ਦਾ ਨੁਕਸਾਨ ਅਤੇ ਪੀਣ ਵਾਲੇ ਪਾਣੀ ਦੀ ਗੁਣਵੱਤਾ ਨਾਲ ਸਮਝੌਤਾ ਕਰਨਾ ਪਾਣੀ ਦੇ ਪ੍ਰਦੂਸ਼ਣ ਦੇ ਸਿੱਧੇ ਨਤੀਜੇ ਹਨ।

3. **ਮਿੱਟੀ ਪ੍ਰਦੂਸ਼ਣ**: ਖਤਰਨਾਕ ਰਹਿੰਦ-ਖੂੰਹਦ ਦੇ ਗਲਤ ਨਿਪਟਾਰੇ, ਰਸਾਇਣਕ ਖਾਦਾਂ ਦੀ ਵਰਤੋਂ ਅਤੇ ਉਦਯੋਗਿਕ ਗਤੀਵਿਧੀਆਂ ਮਿੱਟੀ ਦੇ ਪ੍ਰਦੂਸ਼ਣ ਵਿੱਚ ਯੋਗਦਾਨ ਪਾਉਂਦੀਆਂ ਹਨ। ਇਹ ਨਾ ਸਿਰਫ ਫਸਲਾਂ ਦੀ ਗੁਣਵੱਤਾ ਨੂੰ ਪ੍ਰਭਾਵਤ ਕਰਦਾ ਹੈ, ਬਲਕਿ ਭੋਜਨ ਲੜੀ ਰਾਹੀਂ ਮਨੁੱਖੀ ਸਿਹਤ ਲਈ ਵੀ ਖ਼ਤਰਾ ਪੈਦਾ ਕਰਦਾ ਹੈ।

4. **ਸ਼ੋਰ ਪ੍ਰਦੂਸ਼ਣ** : ਸ਼ਹਿਰੀਕਰਨ ਅਤੇ ਉਦਯੋਗੀਕਰਨ ਨੇ ਸ਼ੋਰ ਪ੍ਰਦੂਸ਼ਣ ਵਿੱਚ ਵਾਧਾ ਕੀਤਾ ਹੈ, ਜਿਸ ਨਾਲ ਵਿਅਕਤੀਆਂ ਦੀ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਦੋਵਾਂ 'ਤੇ ਮਾੜਾ ਅਸਰ ਪੈਂਦਾ ਹੈ। ਬਹੁਤ ਜ਼ਿਆਦਾ ਆਵਾਜ਼ ਦੇ ਪੱਧਰਾਂ ਦੇ ਲੰਬੇ ਸਮੇਂ ਦੇ ਸੰਪਰਕ ਵਿੱਚ ਰਹਿਣ ਨਾਲ ਤਣਾਅ, ਸੁਣਨ ਸ਼ਕਤੀ ਦੀ ਕਮੀ ਅਤੇ ਹੋਰ ਸਿਹਤ ਸਮੱਸਿਆਵਾਂ ਹੋ ਸਕਦੀਆਂ ਹਨ।

**ਪ੍ਰਦੂਸ਼ਣ ਦੇ ਨਤੀਜੇ**

**ਸਿਹਤ ਪ੍ਰਭਾਵ**: ਸਾਹ ਦੀਆਂ ਬਿਮਾਰੀਆਂ, ਕਾਰਡੀਓਵੈਸਕੁਲਰ ਸਮੱਸਿਆਵਾਂ ਅਤੇ ਵੱਖ-ਵੱਖ ਲਾਗਾਂ ਸਮੇਤ ਸਿਹਤ ਸਮੱਸਿਆਵਾਂ ਦੀ ਇੱਕ ਸ਼੍ਰੇਣੀ ਵਿੱਚ ਪ੍ਰਦੂਸ਼ਣ ਇੱਕ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ। ਕਮਜ਼ੋਰ ਆਬਾਦੀ, ਜਿਵੇਂ ਕਿ ਬੱਚੇ ਅਤੇ ਬਜ਼ੁਰਗ, ਖਾਸ ਤੌਰ 'ਤੇ ਜੋਖਮ ਵਿੱਚ ਹਨ।

**ਜੈਵ ਵਿਭਿੰਨਤਾ ਦਾ ਨੁਕਸਾਨ** : ਪ੍ਰਦੂਸ਼ਣ ਵਾਤਾਵਰਣ ਪ੍ਰਣਾਲੀ ਨੂੰ ਵਿਗਾੜਦਾ ਹੈ ਅਤੇ ਜੈਵ ਵਿਭਿੰਨਤਾ ਲਈ ਖਤਰਾ ਪੈਦਾ ਕਰਦਾ ਹੈ। ਜਲ ਸਰੋਤਾਂ ਦੀ ਗੰਦਗੀ, ਜੰਗਲਾਂ ਦੀ ਕਟਾਈ, ਅਤੇ ਰਿਹਾਇਸ਼ੀ ਵਿਨਾਸ਼ ਪੌਦਿਆਂ ਅਤੇ ਜਾਨਵਰਾਂ ਦੀਆਂ ਕਿਸਮਾਂ ਦੇ ਵਿਨਾਸ਼ ਵਿੱਚ ਯੋਗਦਾਨ ਪਾਉਂਦੇ ਹਨ, ਜਿਸ ਨਾਲ ਵਾਤਾਵਰਣ ਦੇ ਨਾਜ਼ੁਕ ਸੰਤੁਲਨ ਵਿੱਚ ਵਿਘਨ ਪੈਂਦਾ ਹੈ।

**ਜਲਵਾਯੂ ਤਬਦੀਲੀ** : ਵੱਖ-ਵੱਖ ਸਰੋਤਾਂ ਤੋਂ ਗ੍ਰੀਨਹਾਊਸ ਗੈਸਾਂ ਦਾ ਨਿਕਾਸ, ਜਿਸ ਵਿੱਚ ਜੈਵਿਕ ਈਂਧਨ ਨੂੰ ਸਾੜਨਾ ਵੀ ਸ਼ਾਮਲ ਹੈ, ਜਲਵਾਯੂ ਤਬਦੀਲੀ ਵਿੱਚ ਯੋਗਦਾਨ ਪਾਉਂਦਾ ਹੈ। ਵਧਦਾ ਗਲੋਬਲ ਤਾਪਮਾਨ, ਅਤਿਅੰਤ ਮੌਸਮੀ ਘਟਨਾਵਾਂ ਅਤੇ ਸਮੁੰਦਰੀ ਪੱਧਰ ਦਾ ਵਾਧਾ ਦੂਰਗਾਮੀ ਪ੍ਰਭਾਵਾਂ ਵਾਲੇ ਕੁਝ ਨਤੀਜੇ ਹਨ।

**ਇਸ ਪ੍ਰਦੂਸ਼ਣ ਦੀ ਸਮੱਸਿਆ ਦੇ ਹੱਲ ਲਈ ਕੁਝ ਉਪਾਅ :**

**ਰੈਗੂਲੇਟਰੀ ਉਪਾਅ** : ਸਰਕਾਰਾਂ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਲਈ ਨਿਯਮਾਂ ਨੂੰ ਬਣਾਉਣ ਅਤੇ ਲਾਗੂ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਪ੍ਰਦੂਸ਼ਣ ਨੂੰ ਰੋਕਣ ਲਈ ਸਖ਼ਤ ਨਿਕਾਸੀ ਮਾਪਦੰਡ, ਰਹਿੰਦ-ਖੂੰਹਦ ਪ੍ਰਬੰਧਨ ਨੀਤੀਆਂ ਅਤੇ ਵਾਤਾਵਰਣ ਸੁਰੱਖਿਆ ਕਾਨੂੰਨ ਜ਼ਰੂਰੀ ਹਨ।

**ਤਕਨੀਕੀ ਨਵੀਨਤਾ** : ਸਾਫ਼-ਸੁਥਰੀ ਤਕਨਾਲੋਜੀ ਅਤੇ ਟਿਕਾਊ ਅਭਿਆਸਾਂ ਵਿੱਚ ਨਿਵੇਸ਼ ਕਰਨ ਨਾਲ ਉਦਯੋਗਾਂ ਦੇ ਵਾਤਾਵਰਣ ਪ੍ਰਭਾਵ ਨੂੰ ਕਾਫ਼ੀ ਘੱਟ ਕੀਤਾ ਜਾ ਸਕਦਾ ਹੈ। ਨਵਿਆਉਣਯੋਗ ਊਰਜਾ, ਰਹਿੰਦ-ਖੂੰਹਦ ਵਿੱਚ ਕਮੀ ਅਤੇ ਵਾਤਾਵਰਣ-ਅਨੁਕੂਲ ਉਤਪਾਦਨ ਵਿਧੀਆਂ ਵਿੱਚ ਵਾਧਾ ਪ੍ਰਦੂਸ਼ਣ ਘਟਾਉਣ ਵਿੱਚ ਯੋਗਦਾਨ ਪਾਉਂਦਾ ਹੈ।

**ਵਿਅਕਤੀਗਤ ਜ਼ਿੰਮੇਵਾਰੀ** : ਸਿੱਖਿਆ ਅਤੇ ਜਾਗਰੂਕਤਾ ਮੁਹਿੰਮਾਂ ਵਿਅਕਤੀਆਂ ਨੂੰ ਵਾਤਾਵਰਣ ਅਨੁਕੂਲ ਅਭਿਆਸਾਂ ਨੂੰ ਅਪਣਾਉਣ ਲਈ ਪ੍ਰੇਰਨਾ ਪ੍ਰਦਾਨ ਕਰ ਸਕਦੀਆਂ ਹਨ। ਰਹਿੰਦ-ਖੂੰਹਦ ਦਾ ਸਹੀ ਨਿਪਟਾਰਾ, ਊਰਜਾ ਦੀ ਖਪਤ ਨੂੰ ਘਟਾਉਣਾ ਅਤੇ ਟਿਕਾਊ ਉਤਪਾਦਾਂ ਦਾ ਸਮਰਥਨ ਕਰਨਾ ਅਜਿਹੇ ਤਰੀਕੇ ਹਨ, ਜਿਨ੍ਹਾਂ ਨਾਲ ਹਰ ਕੋਈ ਪ੍ਰਦੂਸ਼ਣ ਦੀ ਰੋਕਥਾਮ ਵਿੱਚ ਯੋਗਦਾਨ ਪਾ ਸਕਦਾ ਹੈ।

ਪ੍ਰਦੂਸ਼ਣ ਦੀ ਸਮੱਸਿਆ ਇੱਕ ਵਿਸ਼ਵਵਿਆਪੀ ਚੁਣੌਤੀ ਹੈ, ਜਿਸ ਲਈ ਸਮੂਹਿਕ ਅਤੇ ਤੁਰੰਤ ਕਾਰਵਾਈ ਦੀ ਲੋੜ ਹੈ। ਸਰਕਾਰਾਂ, ਉਦਯੋਗਾਂ ਅਤੇ ਵਿਅਕਤੀਆਂ ਨੂੰ ਟਿਕਾਊ ਅਭਿਆਸਾਂ ਨੂੰ ਲਾਗੂ ਕਰਨ, ਸਾਫ਼-ਸੁਥਰੀ ਤਕਨੀਕਾਂ ਨੂੰ ਅਪਣਾਉਣ ਅਤੇ ਪ੍ਰਦੂਸ਼ਣ ਦੇ ਨਤੀਜਿਆਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਸਹਿਯੋਗ ਨਾਲ ਕੰਮ ਕਰਨਾ ਚਾਹੀਦਾ ਹੈ। ਇਸ ਮੁੱਦੇ ਨੂੰ ਸਿਰੇ ਤੋਂ ਹੱਲ ਕਰਕੇ, ਅਸੀਂ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਸਿਹਤਮੰਦ ਅਤੇ ਵਧੇਰੇ ਟਿਕਾਊ ਭਵਿੱਖ ਵੱਲ ਰਾਹ ਪੱਧਰਾ ਕਰ ਸਕਦੇ ਹਾਂ।

**#ਪਿੰਡ ਝਿੰਜਰਾ, ਜ਼ਿਲ੍ਹਾ ਫਤਿਹਗੜ੍ਹ ਸਾਹਿਬ**

# ਆਵਾਜਾਈ ਮਾਰਗਾਂ 'ਤੇ ਯਾਤਰੀਆਂ ਨੂੰ ਆ ਰਹੀਆਂ ਮੁੱਖ ਮੁਸ਼ਕਲਾਂ


ਅਜੀਤ ਖੰਨਾ

ਕੇਂਦਰ ਤੇ ਹਰਿਆਣਾ ਦੀ ਖੱਟੜ ਸਰਕਾਰ ਵੱਲੋਂ ਸ਼ੰਭੂ, ਸ਼ਾਹਬਾਦ, ਟਿੱਕਰੀ ਤੇ ਖਨੌਰੀ ਆਦਿ ਬਾਰਡਰਾਂ 'ਤੇ ਬੈਰੀਕੇਡ ਲਾ ਕੇ ਕਿਸਾਨਾਂ ਦੀ ਦਿੱਲੀ ਆਮਦ ਨੂੰ ਰੋਕਣ ਵਾਸਤੇ ਜ਼ਬਰਦਸਤ ਪ੍ਰਬੰਧ ਕੀਤੇ ਗਏ ਹਨ। ਇਸ ਕਿਸਾਨ ਅੰਦੋਲਨ ਦਾ ਕੀ ਸਿੱਟਾ ਨਿਕਲੇਗਾ ? ਇਹ ਬਾਅਦ ਦੀ ਗੱਲ ਹੈ। ਪਰ ਇਸ ਅੰਦੋਲਨ ਦੇ ਚੱਲਦਿਆਂ ਸਰਕਾਰ ਵੱਲੋਂ ਲਾਏ ਗਏ ਵੱਡੇ-ਵੱਡੇ ਬੈਰੀਕੇਡ ਲੋਕਾਂ ਲਈ ਇਕ ਵੱਡੀ ਮੁਸ਼ਕਲ ਬਣੇ ਹੋਏ ਹਨ, ਕਿਉਂਕਿ ਇਨ੍ਹਾਂ ਆਵਾਜਾਈ ਮਾਰਗਾਂ ਤੋਂ ਹਰ ਰੋਜ਼ ਲੱਖਾਂ ਲੋਕ ਆਉਂਦੇ-ਜਾਂਦੇ ਹਨ, ਇਸ ਅੰਦੋਲਨ ਨੂੰ ਪੰਜਾਬ 'ਚ ਠੱਲ੍ਹਣ ਵਾਸਤੇ ਪੱਕੇ ਬੈਰੀਕੇਡ ਲਾਏ ਗਏ ਹਨ, ਜਿਸ ਕਾਰਨ ਸ਼ੰਭੂ ਤੇ ਖਨੌਰੀ ਬੈਰੀਅਰ ਤੋਂ ਹਰ ਤਰ੍ਹਾਂ ਦੇ ਵਾਹਨਾਂ ਦੀ ਆਵਾਜਾਈ ਮੁਕੰਮਲ ਤੌਰ ਤੇ ਬੰਦ ਕੀਤੀ ਹੋਈ ਹੈ, ਜਿਸ ਕਾਰਨ ਲੋਕਾਂ ਨੂੰ ਆਵਾਜਾਈ 'ਚ ਮੁਸ਼ਕਲ ਆ ਰਹੀ ਹੈ, ਸਭ ਤੋਂ ਵੱਡੀ ਮੁਸ਼ਕਲ ਦਿੱਲੀ ਹਵਾਈ ਅੱਡੇ 'ਤੇ ਪਹੁੰਚਣ ਨੂੰ ਲੈ ਕੇ ਹੈ, ਕਿਉਂਕਿ ਇਨ੍ਹੀਂ ਦਿਨੀਂ ਲੱਖਾਂ ਵਿਦਿਆਰਥੀ ਤੇ ਹੋਰ ਯਾਤਰੀ ਕੈਨੇਡਾ, ਅਮਰੀਕਾ, ਨਿਊਜ਼ੀਲੈਂਡ, ਅਸਟਰੇਲੀਆ, ਇੰਗਲੈਂਡ ਤੇ ਹੋਰਨਾਂ ਦੇਸ਼ਾਂ ਤੋ ਪੰਜਾਬ ਆਏ ਹੋਏ ਹਨ, ਜੋ ਪਹਿਲਾਂ ਆਏ ਹੋਏ ਹਨ, ਉਹ ਵਾਪਸ ਜਾ ਰਹੇ ਹਨ, ਪਰ ਸੜਕਾਂ 'ਤੇ ਸਰਕਾਰ ਵੱਲੋਂ ਬੈਰੀਕੇਡ ਲਾਉਣ ਦੀ ਵਜ੍ਹਾ ਕਰਕੇ ਦਿੱਲੀ ਹਵਾਈ ਅੱਡੇ 'ਤੇ ਜਾਣ ਲਈ ਉਨ੍ਹਾ ਨੂੰ ਉਧਲ ਗੁਧਲ ਰਾਹਾਂ ਰਾਹੀਂ ਵੱਖ-ਵੱਖ ਪਿੰਡਾਂ 'ਚੋ ਗੁਜ਼ਰਦੇ ਹੋਏ ਦੁੱਗਣਾ ਸਮਾਂ ਲਾ ਕੇ ਦਿੱਲੀ ਜਾਣਾ ਪੈ ਰਿਹਾ ਹੈ, ਜਿਸ ਨਾਲ ਫਲਾਇਟ 'ਚ ਦੇਰੀ ਦੇ ਡਰੋਂ ਮੰਜ਼ਲ ਤੱਕ ਪੁੱਜਣ ਲਈ ਘਰੋਂ ਅਗਾਂਹੋਂ ਤੁਰਨਾ ਪੈਂਦਾ ਹੈ, ਉੱਧਰ ਯਾਤਰੀਆਂ ਦੀ ਇਸ ਮੁਸ਼ਕਲ ਕਾਰਨ ਟੈਕਸੀਆਂ ਵਾਲਿਆਂ ਦੀ ਵੀ ਚਾਂਦੀ ਬਣ ਰਹੀ ਹੈ ਤੇ ਉਹ ਮਨਚਾਹੇ ਪੈਸੇ ਵਸੂਲ ਰਹੇ ਹਨ। ਇੱਥੇ ਹੀ ਬਸ ਨਹੀਂ, ਪੰਜਾਬ 'ਚ ਪੈਂਦੇ ਡੋਮੈਸਟਿਕ ਏਅਰਪੋਰਟਾਂ ਤੋਂ ਦਿੱਲੀ ਇੰਦਰਾ ਗਾਂਧੀ ਹਵਾਈ ਅੱਡੇ ਤੱਕ ਪੁੱਜਣ ਲਈ ਏਅਰ ਟਿਕਟਾਂ 'ਚ 4-5 ਗੁਣਾਂ ਵਾਧਾ ਹੋ ਗਿਆ ਹੈ, ਜਿਸ ਨਾਲ ਲੋਕਾਂ ਦੀ ਪੈਸੇ ਦੀ ਲੁੱਟ ਤਾਂ ਹੋ ਹੀ ਰਹੀ ਹੈ, ਨਾਲ ਹੀ ਉਨ੍ਹਾਂ ਨੂੰ ਖੱਜਲ-ਖੁਆਰੀ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ, ਜਿਸ ਦੀ ਤਾਜ਼ਾ ਮਿਸਾਲ ਉਸ ਵਕਤ ਮਿਲੀ, ਜਦੋ ਮੈਂ ਕੈਨੇਡਾ ਤੋਂ ਆਏ ਆਪਣੇ ਬੇਟੇ ਨੂੰ ਦਿੱਲੀ ਏਅਰਪੋਰਟ 'ਤੇ ਛੱਡਣ ਗਿਆ, ਸ਼ੰਭੂ ਬੈਰੀਅਰ 'ਤੇ ਪੱਥਰਾਂ ਦੇ ਵੱਡੇ-ਵੱਡੇ ਬੈਰੀਕੇਡ ਤੇ ਪੈਰਾ ਮਿਲਟਰੀ ਫੋਰਸ, ਪੁਲਸ ਮੁਲਾਜ਼ਮ ਲੱਗੇ ਹੋਣ ਸਦਕਾ ਰਸਤਾ ਬਿਲਕੁਲ ਬੰਦ ਕੀਤਾ ਹੋਇਆ ਸੀ।

ਇਕ ਪਾਸੇ ਕਿਸਾਨ ਤੇ ਦੂਜੇ ਪਾਸੇ ਫੋਰਸ ਖੜੀ ਸੀ, ਫਲਾਇਟ ਦਿਨ ਦੇ ਇਕ ਵਜੇ ਦੀ ਸੀ, ਟੈਕਸੀ ਡਰਾਇਵਰ ਨੂੰ ਪੁੱਛਿਆ ਤਾਂ ਕਹਿਣ ਲੱਗਾ ਕਿ ਖੰਨੇ ਤੋਂ ਦਿੱਲੀ ਏਅਰਪੋਰਟ ਤੱਕ ਘੱਟੋ-ਘੱਟ 9 ਘੰਟੇ ਦਾ ਸਮਾਂ ਲੱਗੇਗਾ, ਜਿਸ ਕਰਕੇ ਅਸੀਂ ਰਾਤ ਨੂੰ 1-30 ਵਜੇ ਦੇ ਲੱਗਭੱਗ ਚੱਲ ਪਏ। ਇਕ ਰਾਤ ਦਾ ਹਨੇਰਾ ਤੇ ਦੂਜਾ ਪਿੰਡਾਂ 'ਚ ਉਧਲ ਗੁਧਲੇ ਰਾਹਾਂ 'ਤੇ ਟੁੱਟੀਆਂ ਸੜਕਾਂ ਨੇ ਸਾਡੀ ਬੱਸ ਕਰਵਾ ਦਿੱਤੀ। ਖੰਨੇ ਤੋਂ ਦਿੱਲੀ ਤੱਕ ਦਾ ਸਫਰ, ਜੋ ਤਕਰੀਬਨ 300 ਕਿਲੋਮੀਟਰ ਪੈਂਦਾ ਹੈ। ਸਰਕਾਰ ਵੱਲੋਂ ਲਾਏ ਗਏ ਬੈਰੀਕੇਡਾਂ ਕਾਰਨ ਅਣਜਾਣ ਰਸਤਿਆਂ ਤੋਂ ਜਾਣ ਕਰਕੇ 100 ਕਿਲੋਮੀਟਰ ਦਾ ਸਫਰ ਵੱਧ ਪਿਆ, ਜਿਸ ਨਾਲ ਟਾਇਮ ਤਾਂ ਖਰਾਬ ਹੋਇਆ ਹੀ, ਨਾਲ ਹੀ ਗੱਡੀ ਦਾ ਤੇਲ ਵੀ ਵੱਧ ਲੱਗਾ। ਇਹ ਪਾਠਕਾਂ ਨੂੰ ਕੇਵਲ ਆਪਣੀ ਇਕੱਲਿਆਂ ਦੀ ਮੁਸ਼ਕਲ ਦੱਸੀ ਹੈ। ਇਕ ਅੰਦਾਜ਼ੇ ਮੁਤਾਬਕ ਪੰਜਾਬ ਤੋਂ ਰੋਜ਼ਾਨਾ 7000 ਦੇ ਕਰੀਬ ਗੱਡੀਆਂ ਨਿੱਤ ਦਿਹਾੜੇ ਦਿੱਲੀ ਏਅਰਪੋਰਟ ਆਉਂਦੀਆਂ ਜਾਂਦੀਆਂ ਹਨ, ਲੰਬਾ ਸਫਰ ਹੋਣ ਕਰਕੇ ਥਕਾਵਟ ਹੋਣੀ ਵੀ ਸੁਭਾਵਿਕ ਹੈ, ਜਿਸ ਨਾਲ ਹੋਟਲਾਂ 'ਤੇ ਖਾਣੇ ਲਈ ਵੀ ਰੁਕਣਾ ਪਵੇਗਾ। ਦੂਜੇ ਪਾਸੇ ਸੜਕਾਂ 'ਤੇ ਬਣੇ ਢਾਬਿਆਂ ਵੱਲੋਂ ਗਾਹਕਾਂ ਦੀ ਕੀਤੀ ਜਾਂਦੀ ਲੁੱਟ ਵੀ ਕੋਈ ਘੱਟ ਨਹੀਂ।

ਮਿਸਾਲ ਦੇ ਤੌਰ 'ਤੇ ਜੋ ਅਨਰਜੀ ਡਰਿੰਕ ਆਮ ਤੌਰ 'ਤੇ ਬਜ਼ਾਰ 'ਚ 100 ਰੁਪਏ ਦਾ ਮਿਲਦਾ ਹੈ, ਇਨ੍ਹਾਂ ਢਾਬਿਆਂ 'ਤੇ ਉਹ 140 ਰੁਪਏ ਦਾ ਮਿਲਦਾ ਹੈ ਤੇ 20 ਰੁਪਏ ਵਾਲੀ ਕੋਕ ਦੀ ਛੋਟੀ ਬੋਤਲ 25 ਰੁਪਏ ਦੀ। ਇਹ ਦੋ ਚੀਜ਼ਾਂ ਦੀ ਕੀਮਤ ਤਾਂ ਦੱਸ ਰਿਹਾ ਕਿ ਕਿਸਾਨ ਅੰਦੋਲਨ ਦੌਰਾਨ ਸਰਕਾਰ ਵੱਲੋਂ ਲਾਏ ਬੈਰੀਕੇਟਡ ਕਾਰਨ ਸਫਰ ਦੀ ਲੰਬਾਈ ਵਧ ਜਾਂਦੀ ਹੈ। ਜਿਸ ਨਾਲ ਥਕਾਵਟ ਹੋਣਾ ਸੁਭਾਵਿਕ ਹੈ, ਇਸ ਕਾਰਨ ਢਾਬਿਆਂ 'ਤੇ ਰੁਕਣਾ ਯਾਤਰੀਆਂ ਦੀ ਮਜਬੂਰੀ ਹੈ, ਜਿੱਥੇ ਢਾਬਿਆਂ ਵਾਲੇ ਚੀਜ਼ਾਂ ਦੇ ਮਨਚਾਹੇ ਰੇਟ ਲਾ ਕੇ ਗਾਹਕਾਂ ਨੂੰ ਲੁੱਟਣ 'ਚ ਕੋਈ ਕਸਰ ਨਹੀਂ ਛੱਡ ਰਹੇ। ਇੱਥੇ ਹੀ ਬਸ ਨਹੀਂ ਜੇਕਰ ਇਸ ਸਫਰ ਦੌਰਾਨ ਕਿਸੇ ਯਾਤਰੀ ਨੇ ਵਾਸ਼ਿੰਗ ਰੂਮ (ਪਿਸ਼ਾਬ ਜਾਂ ਟੁਆਲਿਟ) ਜਾਣਾ ਹੋਵੇ ਤਾਂ ਪੈਟਰੋਲ ਪੰਪਾਂ 'ਤੇ ਬਣੇ ਪਖਾਨਿਆਂ ਦੀ ਏਨੀ ਮਾੜੀ ਹਾਲਤ ਵੇਖਣ ਨੂੰ ਮਿਲਦੀ ਹੈ ਕਿ ਪੁੱਛੋ ਕੁੱਝ ਨਾ! ਸੱਚ ਜਾਣੋ ਬਾਥਰੂਮਾਂ ਦੀ ਹਾਲਤ ਏਨੀ ਮਾੜੀ ਹੈ ਕਿ ਵਾਸ਼ਿੰਗ ਰੂਮ ਜਾ ਕੇ ਚੰਗਾ-ਭਲਾ ਬੰਦਾ ਬਿਮਾਰ ਹੋ ਜਾਂਦਾ ਹੈ। ਟੁਆਇਲਟਾਂ ਚ ਪਾਣੀ ਨਹੀਂ ਹੁੰਦਾ, ਸਾਫ ਸਫਾਈ ਦੀ ਗੱਲ ਤਾਂ ਬਹੁਤ ਦੂਰ ਦੀ ਹੈ, ਫਲਸ਼ਿੰਗ ਬੰਦ ਮਿਲਦੀਆਂ ਹਨ, ਹੱਥ ਧੋਣ ਤੇ ਸਾਫ ਕਰਨ ਵਾਸਤੇ ਨਾ ਸਾਬਣ, ਨਾ ਟਾਵਲ/ਇਹ ਦੋ ਸਮੱਸਿਆਂਵਾਂ ਨਾਲ ਜੇਕਰ ਸਰਕਾਰ ਨੇ ਕਿਸਾਨਾ ਨੂੰ ਰੋਕਣ ਲਈ ਬੈਰੀਕੇਡ ਜ਼ਰੂਰੀ ਲਾਉਣੇ ਹਨ ਤਾਂ ਉਸ ਨੂੰ ਆਮ ਲੋਕਾਂ ਦੀ ਆਵਾਜਾਈ ਦੀ ਸਹੂਲਤ ਨੂੰ ਵੀ ਧਿਆਨ 'ਚ ਰੱਖਣਾ ਚਾਹੀਦਾ ਹੈ। ਲੋਕਾਂ ਦੀ ਆਵਾਜਾਈ ਸਹੂਲਤ ਨੂੰ ਬਰਕਰਾਰ ਰੱਖਣ ਲਈ ਬਦਲਵੇਂ ਪ੍ਰਬੰਧ ਜ਼ਰੂਰ ਕਰਨੇ ਚਾਹੀਦੇ ਹਨ ਤਾਂ ਜੋ ਲੋਕਾਂ ਨੂੰ ਖੱਜਲ-ਖੁਆਰ ਨਾ ਹੋਣਾ ਪਵੇ। ਦੂਸਰਾ ਵੱਖ-ਵੱਖ ਸੜਕਾਂ 'ਤੇ ਬਣੇ ਪੈਟਰੋਲ ਪੰਪਾਂ 'ਤੇ ਨਿਯਮਾਂ ਮੁਤਾਬਕ ਸਾਫ ਸਫਾਈ ਦੇ ਪੂਰੇ ਪ੍ਰਬੰਧਾਂ ਦਾ ਹੋਣਾ ਵੀ ਜ਼ਰੂਰੀ ਹੈ, ਜੋ ਪੰਪ ਮਾਲਕ ਵਾਸ਼ਿੰਗ ਰੂਮ ਦੀ ਸਾਫ ਸਫਾਈ ਨਹੀਂ ਕਰਦੇ, ਉਨ੍ਹਾਂ 'ਤੇ ਢੁਕਵੀਂ ਕਾਰਵਾਈ ਕੀਤੀ ਜਾਵੇ ਤਾਂ ਜੋ ਯਾਤਰੀਆਂ ਨੂੰ ਕੋਈ ਮੁਸ਼ਕਲ ਨਾ ਆਵੇ।

***# ਸੰਪਰਕ : 85448-54669***

## ਪਾਠਕ-ਸੱਥ

### ਲੋਕਤੰਤਰ ਵੋਟਾਂ ਪਾਉਣ ਤੱਕ ਮਹਿਦੂਦ ਹੋ ਕੇ ਨਾ ਰਹਿ ਜਾਵੇ

ਕਿਤਾਬਾਂ ਅਤੇ ਸੰਵਿਧਾਨ ਅਨੁਸਾਰ ਲੋਕਤੰਤਰ ਦੀ ਪਰਿਭਾਸ਼ਾ ਬਹੁਤ ਸੋਹਣੀ ਹੈ। ਜਿਸ ਵਿਚ ਲੋਕਾਂ ਲਈ ਹੀ ਸਭ ਕੁਝ ਹੋਵੇ। ਜਿਸ ਵਿਚ ਸਰਕਾਰ ਵੀ ਲੋਕਾਂ ਦੀ ਹੁੰਦੀ ਹੈ।ਇਸ ਲੋਕਤੰਤਰੀ ਸਰਕਾਰ ਵਿਚ ਦੇਸ਼ ਦੇ ਸਾਰੇ ਨਾਗਰਿਕ ਸਰਕਾਰ ਦਾ ਹਿੱਸਾ ਹੁੰਦੇ ਹਨ। ਲੋਕਾਂ ਨੂੰ ਬੋਲਣ, ਪੜ੍ਹਨ, ਘੁੰਮਣ ਫਿਰਨ, ਸੂਬਿਆਂ ਵਿਚ ਜ਼ਮੀਨ ਖਰੀਦਣ, ਨੌਕਰੀ ਕਰਨ, ਇਮਾਨਦਾਰੀ ਨਾਲ ਕਨੂੰਨ ਅਨੁਸਾਰ ਬਿਜ਼ਨਸ ਕਰਨ ਦੀ ਅਜ਼ਾਦੀ ਹੈ। ਲੋਕਤੰਤਰ ਵਿੱਚ ਸਭ ਤੋਂ ਵੱਧ ਅਜ਼ਾਦੀ ਲੋਕਾਂ ਲਈ ਹੈ।ਪਰ ਜ਼ਮੀਨੀ ਪੱਧਰ 'ਤੇ ਦੇਖੀਏ ਤਾਂ ਗੱਲ ਹਕੀਕਤ ਤੋਂ ਦੂਰ ਹੈ। ਸੰਵਿਧਾਨ ਬਣਾਉਣ ਵਾਲਿਆਂ ਅਤੇ ਲੋਕਤੰਤਰ ਦੇ ਮੋਢੀਆਂ ਨੇ ਤਾਂ ਲੋਕਾਂ ਲਈ ਹੀ ਸੋਚਿਆ ਸੀ ਪਰ ਅੱਜ ਦੇ ਸਮੇਂ ਦੇ ਲੀਡਰਾਂ ਨੇ ਉਸ ਦੇ ਉਲਟ ਆਪਣੇ ਬਾਰੇ ਹੀ ਸੋਚਿਆ ਹੈ। ਉਨ੍ਹਾਂ ਨੇ ਤਾਂ ਸੰਵਿਧਾਨ ਬਦਲਣਾ ਸ਼ੁਰੂ ਕਰ ਦਿੱਤਾ ਹੈ।ਇਸ ਸਮੇਂ ਸਰਕਾਰੀ ਲੀਡਰ ਮੌਜ ਵਿਚ ਹਨ ਆਮ ਲੋਕਾਂ ਨੂੰ ਹਰ ਸਮੇਂ ਫਿਕਰ ਤੇ ਤਕਲੀਫਾਂ ਹਨ। ਸਰਕਾਰ ਵਿੱਚ ਬੈਠੇ ਲੀਡਰਾਂ ਨੂੰ ਅਤੇ ਉਨ੍ਹਾਂ ਦੇ ਚਹੇਤੇ ਸਰਮਾਏਦਾਰ ਕਾਰੋਬਾਰੀਆਂ ਨੂੰ ਮੌਜਾਂ ਹੀ ਮੌਜਾਂ ਹਨ।ਆਮ ਬੰਦਾ ਮਹਿੰਗਾਈ ਦੀ ਮਾਰ ਹੇਠ ਹੈ। ਕਿਸਾਨ ਕਰਜ਼ਾ ਲੈ ਲਵੇ ਤਾਂ ਜ਼ਮੀਨ ਖੋਹਣ ਹੋਣ ਤੱਕ ਗੱਲ ਚਲੀ ਜਾਂਦੀ ਹੈ।ਪਰ ਲੀਡਰ ਤੇ ਸਰਮਾਏਦਾਰ ਕਾਰੋਬਾਰੀ ਅਰਬਾਂ ਦਾ ਲੋਨ ਲੈ ਕੇ ਬਿਨਾਂ ਮੋੜੇ ਜਦੋਂ ਮਰਜ਼ੀ ਵਿਦੇਸ਼ ਚਲਾ ਜਾਵੇ, ਕੋਈ ਕਾਰਵਾਈ ਨਹੀਂ। ਲੋਕਾਂ ਦੇ ਪੁੱਤ ਰੁਜ਼ਗਾਰ ਲਈ ਸਰਕਾਰੀ ਜਬਰ ਦਾ ਸਾਹਮਣਾ ਕਰਦੇ ਹਨ ਜਾਂ ਬਾਰਡਰਾਂ 'ਤੇ ਦੁਸ਼ਮਣ ਦੇਸ਼ ਦੀ ਗੋਲੀ ਦਾ ਸ਼ਿਕਾਰ ਹੋ ਰਹੇ ਹਨ।ਪਰ ਇਹ ਆਪਣੀ ਮਰਜ਼ੀ ਨਾਲ ਤਨਖਾਹਾਂ ਵਧਾ ਲੈਂਦੇ ਹਨ। ਆਪਣੇ ਬੱਚਿਆਂ ਨੂੰ ਪੜ੍ਹਨ ਲਈ ਵਲੈਤ ਭੇਜ ਕੇ,ਚੋਣ ਲੜਾ ਕੇ ਫਿਰ ਸਰਕਾਰ ਵਿਚ ਲੈ ਲੈਂਦੇ ਹਨ। ਔਰਤਾਂ ਨਾਲ ਬਲਾਤਕਾਰ ਦੀਆਂ ਘਟਨਾਵਾਂ ਆਮ ਵਾਪਰ ਰਹੀਆਂ ਹਨ।ਕਰੀਏ ਤਾਂ ਲੋਕਤੰਤਰ ਦੀ ਅਸਲ ਧਾਰਨਾ ਵਿਚ ਹਰ ਧਰਮ ਜਾਤ ਲਈ ਨਿਆਂ ਸਭ ਲਈ ਬਰਾਬਰ ਹੈ।ਪਰ ਇਥੇ ਘੱਟ-ਗਿਣਤੀਆਂ 'ਤੇ ਸ਼ਰੇਆਮ ਜ਼ੁਲਮ ਹੁੰਦਾ ਹੈ। ਹਰ ਵਾਰ ਗੁਜਰਾਤ, ਦਿੱਲੀ ਵਰਗੇ ਕਤਲੇਆਮ ਘੱਟ ਗਿਣਤੀਆਂ ਦੇ ਹੀ ਹੁੰਦੇ ਹਨ। ਜਿਨ੍ਹਾਂ ਉੱਪਰ ਕਮਿਸ਼ਨ ਤਾਂ ਬੈਠਦੇ ਹਨ ਪਰ ਨਿਆਂ ਜ਼ੀਰੋ। ਇਥੋਂ ਦੀ ਰਾਜਨੀਤੀ ਵਿੱਚ ਬੈਠੇ ਬੇਈਮਾਨ ਲੀਡਰ ਸੰਵਿਧਾਨ ਨੂੰ ਹੌਲੀ ਹੌਲੀ ਬਦਲ ਕੇ ਪੂਰੇ ਦਾ ਪੂਰਾ ਕਨੂੰਨੀ ਢਾਂਚਾ ਆਪਣੇ ਪੱਖ ਵਿੱਚ ਕਰਨ ਨੂੰ ਫਿਰਦੇ ਹਨ।ਜਿਸ ਨਾਲ ਆਮ ਜਨਤਾ, ਗਰੀਬ ਲੋਕ, ਘੱਟ-ਗਿਣਤੀਆਂ, ਕਿਸਾਨ ਲੀਡਰਾਂ, ਮਜ਼ਦੂਰ ਲੀਡਰਾਂ, ਹੱਕੀ ਮੰਗਾਂ ਲਈ ਲੜਨ ਵਾਲੇ ਲੋਕਾਂ ਲਈ ਕਨੂੰਨ ਬਹੁਤ ਔਖੇ ਕਰ ਦਿੱਤੇ ਜਾਣਗੇ।ਧਰਨੇ ਮੁਜ਼ਾਹਰੇ ਕਰਨੇ ਕਨੂੰਨੀ ਜੁਰਮ ਬਣਾ ਦਿੱਤਾ ਜਾਵੇਗਾ। ਲੋਕਤੰਤਰ ਸਿਰਫ਼ ਨਾਂਅ ਦਾ ਹੀ ਰਹਿ ਜਾਵੇਗਾ।ਇਸ ਦੀ ਦੇਸ਼ ਦੀ ਡੋਰ ਇੱਕ ਤਾਨਾਸ਼ਾਹੀ ਸਿਸਟਮ ਦੇ ਅਧੀਨ ਹੋਵੇਗੀ। ਲੋਕਾਂ ਕੋਲ ਅਧਿਕਾਰ ਹੋਵੇਗਾ ਤਾਂ ਸਿਰਫ਼ ਵੋਟ ਪਾਉਣ ਦਾ, ਫਿਰ ਵੋਟ ਪਾਉਣ ਤੋਂ ਬਾਅਦ ਤੁਸੀਂ ਵੋਟ ਕਿਸ ਨੂੰ ਪਾਈ ਹੋਵੇ, ਕੋਈ ਮਾਇਨੇ ਨਹੀਂ ਰੱਖੇਗਾ। ਜੇਕਰ ਦੇਸ਼ ਵਿਚ ਵਿਰੋਧੀ ਧਿਰ ਹੀ ਖਤਮ ਹੋ ਗਈ ਤਾਂ ਵੋਟਾਂ ਦੇ ਕੋਈ ਮਾਇਨੇ ਨਹੀਂ ਰਹਿਣੇ।ਸੋ ਹੁਣ ਅੱਗੇ ਅਸੀਂ ਦੇਖਣਾ ਹੈ ਕਿ ਲੋਕਤੰਤਰ ਕਿਵੇਂ ਬਚਾਇਆ ਜਾਵੇ ਅਤੇ ਕੁਝ ਖੋਹੇ ਹੋਏ ਲੋਕਤੰਤਰੀ ਅਧਿਕਾਰ ਕਿਵੇਂ ਵਾਪਸ ਆਉਣ।ਇਹ ਹੁਣ ਲੋਕਾਂ ਅਤੇ ਬੁੱਧੀਜੀਵੀਆਂ ਨੇ ਸਿਰ ਜੋੜ ਕੇ ਤੈਅ ਕਰਨਾ ਹੈ।

**-ਗੁਰਦਿੱਤ ਸਿੰਘ ਸੇਖੋਂ, 97811-72781**

### ਵਧ ਰਿਹਾ ਹੈ ਆਰਥਿਕ ਪਾੜਾ

ਦੇਸ਼ ਨੂੰ ਆਜ਼ਾਦ ਹੋਣ ਉਪਰੰਤ ਹਰ ਕਿਸੇ ਨੇ ਸੁਪਨਾ ਵੇਖਿਆ ਹੋਵੇਗਾ ਕਿ ਹੁਣ ਉਹ ਇੱਜ਼ਤ ਭਰਪੂਰ ਤੇ ਬਰਾਬਰੀ ਦਾ ਜੀਵਨ ਬਸਰ ਕਰਨਗੇ। ਪਰ ਆਜ਼ਾਦੀ ਤੋਂ ਲੈ ਕੇ ਅਮੀਰ ਅਤੇ ਗਰੀਬ ਵਰਗ ਵਿੱਚ ਆਰਥਿਕ ਪਾੜਾ ਘਟਣ ਦੀ ਬਜਾਏ ਹੋਰ ਜ਼ਿਆਦਾ ਵਧ ਰਿਹਾ ਹੈ। ਅਮੀਰ ਹੋਰ ਅਮੀਰ ਅਤੇ ਗਰੀਬ ਹੋਰ ਗਰੀਬ ਹੋ ਰਿਹਾ ਹੈ। ਗਰੀਬ ਲੋਕਾਂ ਨੂੰ ਦੋ ਡੰਗ ਦੀ ਰੋਟੀ ਖਾਣ ਲਈ ਵੀ ਨਹੀਂ ਨਸੀਬ ਹੋ ਰਹੀ। ਜਦਕਿ ਅਮੀਰ ਲੋਕਾਂ ਦੇ ਜਾਨਵਰ ਵੀ ਲਗਜਰੀ ਸਹੂਲਤਾਂ ਦਾ ਆਨੰਦ ਮਾਣਦੇ ਹਨ। ਅਮੀਰ-ਗਰੀਬ ਵਿੱਚ ਵਧੇ ਹੋਏ ਜ਼ਿਆਦਾ ਆਰਥਿਕ ਪਾੜੇ ਕਰਕੇ ਗਰੀਬ ਲੋਕਾਂ ਦੀ ਜ਼ਿੰਦਗੀ ਨਰਕ ਬਣ ਕੇ ਰਹਿ ਗਈ ਹੈ। ਸਰਕਾਰ ਨੂੰ ਤੁਰੰਤ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ਤਾਂ ਜੋ ਹੋਰ ਜ਼ਿਆਦਾ ਵਧ ਰਹੇ ਆਰਥਿਕ ਪਾੜੇ ਨੂੰ ਠੱਲ੍ਹ ਪਾਈ ਜਾ ਸਕੇ।

**-ਅੰਗਰੇਜ ਸਿੰਘ ਵਿੱਕੀ, 98888-79822**

# ਮੇਰਾ ਉਮੀਦਵਾਰ ਵਿਕ ਗਿਆ ਜਾਂ ਲੋਕਤੰਤਰ ਉਧਾਲਿਆ ਗਿਆ


ਵਿਸ਼ਵਾ ਮਿੱਤਰ

ਮੈਂ ਇੱਕ ਵੋਟਰ ਹਾਂ। ਚੋਣਾਂ ਹੋਣੀਆਂ ਹਨ। ਮੇਰੇ ਸਾਹਮਣੇ ਖੜ੍ਹੇ ਉਮੀਦਵਾਰ ਠੱਗ, ਬੇਈਮਾਨ, ਬਲਾਤਕਾਰੀ, ਫਰਾਡੀਏ ਜਾਂ ਹੋਰ ਕਿਸੇ ਕਿਸਮ ਦੇ ਅਪਰਾਧੀ ਹੋ ਸਕਦੇ ਹਨ। ਚੁਣਨਾ ਤਾਂ ਮੈਨੂੰ ਉਹਨਾਂ ਵਿੱਚੋਂ ਹੀ ਇੱਕ ਪੈਣਾ ਹੈ। ਇਸ ਲਈ ਲੋਕਤੰਤਰ ਪ੍ਰਤੀ ਆਪਣਾ ਫਰਜ਼ ਪਛਾਣਦੇ ਹੋਏ ਮੈਂ ਵੋਟ ਪਾਉਣ ਜਾਵਾਂਗਾ। ਵੋਟ ਪਾਉਣ ਵੇਲੇ ਮੈਂ ਕੀ ਸੋਚਾਂਗਾ ? ਇਹੋ ਸੋਚਾਂਗਾ ਕਿ ਇਹਨਾਂ ਵਿੱਚੋਂ ਜਿਹੜਾ ਘੱਟ ਅਪਰਾਧੀ ਹੈ, ਉਸ ਨੂੰ ਵੋਟ ਪਾ ਦਿਆਂਗਾ ਜਾਂ ਇਹ ਸੋਚ ਕੇ ਵੋਟ ਪਾਵਾਂਗਾ ਕਿ ਉਮੀਦਵਾਰ ਤਾਂ ਸਮਾਜਿਕ ਤੌਰ 'ਤੇ ਬਹੁਤ ਘਟੀਆ ਹੈ, ਪਰ ਜਿਸ ਪਾਰਟੀ ਵੱਲੋਂ ਖੜ੍ਹਾ ਹੈ, ਉਸ ਦੀਆਂ ਨੀਤੀਆਂ ਬਾਕੀ ਪਾਰਟੀਆਂ ਨਾਲੋਂ ਕੁਝ ਲੋਕ ਹਿੱਤੂ ਹਨ। ਜੇਕਰ ਉਮੀਦਵਾਰਾਂ ਦੀਆਂ ਕਰਤੂਤਾਂ ਦਾ ਖਿਆਲ ਰੱਖਦੇ ਹੋਏ ਮੈਂ ਸੋਚਾਂ ਕਿ ਵੋਟ ਦਾ ਅਧਿਕਾਰ ਵੀ ਵਰਤਣਾ ਹੈ ਪਰ ਕਿਸੇ ਚੋਰ-ਉਚੱਕੇ ਨੂੰ ਵੋਟ ਨਹੀਂ ਦੇਣੀ, ਮੈਂ ਨੋਟਾ ਦਾ ਬਟਨ ਦਬਾ ਦਿੰਦਾ ਹਾਂ। ਮੇਰੀ ਵੋਟ ਨੋਟਾ ਵੱਲ ਚਲੀ ਗਈ। ਹੋ ਸਕਦਾ ਹੈ ਕਿ ਮੇਰੀ ਸੋਚ ਵਾਲੇ ਐਨੇ ਜ਼ਿਆਦਾ ਹੋਣ ਕਿ ਨੋਟਾ ਨੂੰ 18% ਵੋਟਾਂ ਪੈ ਜਾਣ , ਪਰ ਨੋਟਾ ਤੋਂ ਇਲਾਵਾ ਜਿਨ੍ਹਾਂ ਨੂੰ ਵੋਟਾਂ ਪਈਆਂ, ਉਹਨਾਂ ਵਿੱਚੋਂ ਸਭ ਤੋਂ ਵੱਧ ਵੋਟਾਂ ਲੈਣ ਵਾਲੇ ਨੂੰ 16% ਵੋਟਾਂ ਪਈਆਂ ਤਾਂ ਸਾਡੀਆਂ ਨੋਟਾ ਨੂੰ ਗਈਆਂ ਵੋਟਾਂ ਦੀ ਕੋਈ ਵੁੱਕਤ ਨਾ ਸਮਝਦੇ ਹੋਏ 16% ਵੋਟ ਲੈਣ ਵਾਲੇ ਨੂੰ ਜੇਤੂ ਕਰਾਰ ਦੇ ਦਿੱਤਾ ਜਾਵੇਗਾ, ਜਿਸ ਨੂੰ ਜ਼ਿਆਦਾ ਲੋਕ ਨਾਪਸੰਦ ਕਰਦੇ ਹਨ, ਉਹ ਜਿੱਤ ਜਾਏਗਾ। ਕੀ ਇਹ ਲੋਕਤੰਤਰ ਦੇ ਮੱਥੇ 'ਤੇ ਕਲੰਕ ਨਹੀਂ ? ਜਿਹੜਾ ਅਸੀਂ ਨੋਟਾ ਦੇ ਹੱਕ ਵਾਲਾ ਲੋਕਤੰਤਰ ਸਮਝਦੇ ਹਾਂ, ਉਹ ਤਾਂ ਉਧਾਲਿਆ ਗਿਆ।

ਮੰਨ ਲਓ ਕੋਈ ਜ਼ਿਆਦਾ ਨਹੀਂ, ਪਰ ਥੋੜ੍ਹਾ-ਬਹੁਤ ਸ਼ਰੀਫ ਉਮੀਦਵਾਰ ਖੜ੍ਹਾ ਹੁੰਦਾ ਹੈ ਅਤੇ ਖੜ੍ਹਾ ਵੀ ਉਸ ਪਾਰਟੀ ਵੱਲੋਂ ਹੁੰਦਾ ਹੈ, ਜਿਹੜੀ ਬਾਕੀਆਂ ਨਾਲੋਂ ਘੱਟ ਸਰਮਾਏਦਾਰੀ ਪੱਖੀ ਹੈ। ਲੋਕ ਹੁੰਮ -ਹੁਮਾ ਕੇ ਉਸ ਨੂੰ ਵੋਟਾਂ ਪਾ ਦੇਂਦੇ ਹਨ, ਉਹ ਜਿੱਤ ਜਾਂਦਾ ਹੈ ਅਤੇ ਉਸ ਦੀ ਪਾਰਟੀ ਵੀ ਦੋ-ਚਾਰ ਵਿਧਾਇਕਾਂ ਜਾਂ ਸਾਂਸਦਾਂ ਦੇ ਫਰਕ ਨਾਲ ਜਿੱਤ ਜਾਂਦੀ ਹੈ। ਹੁਣ ਘੋੜੇ-ਗਧੇ ਵਿਕਣ ਅਤੇ ਖਰੀਦਣ ਦਾ ਮੌਸਮ ਆ ਜਾਂਦਾ ਹੈ। ਹਾਰਨ ਵਾਲੀ ਸਰਮਾਏਦਾਰ ਪੱਖੀ ਪਾਰਟੀ ਕਾਲੇ ਧਨ ਦੀਆਂ ਥੈਲੀਆਂ ਦੇ ਮੂੰਹ ਖੋਲ੍ਹ ਦੇਂਦੀ ਹੈ ਅਤੇ ਜਿਹੜੀ ਪਾਰਟੀ ਅਸੀਂ ਜਿਤਾਈ ਸੀ, ਉਸ ਦੇ ਚਾਰ ਮੈਂਬਰ ਵਿਕ ਜਾਂਦੇ ਹਨ ਅਤੇ ਸਰਮਾਏਦਾਰ ਪੱਖੀ ਪਾਰਟੀ ਦੀ ਸਰਕਾਰ ਬਣ ਜਾਂਦੀ ਹੈ। ਸਾਡੀਆਂ ਸਾਰਿਆਂ ਦੀਆਂ ਪਾਈਆਂ ਵੋਟਾਂ ਤਾਂ ਮਿੱਟੀ ਹੋ ਗਈਆਂ ਅਤੇ ਲੋਕਤੰਤਰ ਇੱਕ ਵਾਰ ਫੇਰ ਉਧਾਲਿਆ ਗਿਆ।

ਅਸੀਂ ਕਿਹੜੇ ਲੋਕਤੰਤਰ ਦੇ ਗੁਣ ਗਾਂਦੇ ਹਾਂ ਜਾਂ ਉਸ ਦੇ ਰੱਖਿਅਕ ਹਾਂ। ਉਸ ਲੋਕਤੰਤਰ ਦੇ ਰਾਖੇ ਹਾਂ, ਜਿੱਥੇ ਇੱਕ ਕਰਮਚਾਰੀ ਨੂੰ ਘੱਟੋ -ਘੱਟ ਪਹਿਲਾਂ 25 ਸਾਲ ਸੇਵਾ ਕਰਨ ਉਪਰੰਤ ਅਤੇ ਬਾਅਦ ਵਿੱਚ 15 ਸਾਲ ਸੇਵਾ ਕਰਨ ਉਪਰੰਤ ਪੈਨਸ਼ਨ ਮਿਲਦੀ ਸੀ, ਜਿਹੜੀ ਕਿ ਹੁਣ ਬੰਦ ਕਰਕੇ ਆਪਣੀ ਤਨਖਾਹ ਵਿੱਚੋਂ ਹੀ ਜਮ੍ਹਾਂ ਕਰਵਾਏ ਗਏ ਧਨ ਵਿੱਚੋਂ ਕੇਵਲ ਇੱਕ ਪੈਨਸ਼ਨ ਮਿਲਦੀ ਹੈ, ਪਰ ਐੱਮ ਐੱਲ ਏ ਜਾਂ ਐੱਮ ਪੀ ਨੂੰ ਜਿੰਨੀ ਵਾਰ ਜਿੱਤ ਕੇ ਆਏ, ਓਨੀ ਵਾਰ ਉਸ ਨੂੰ ਪੈਨਸ਼ਨ ਮਿਲਦੀ ਹੈ। ਇਹਨਾਂ ਨੂੰ ਪੂਰੇ ਪੰਜ ਸਾਲ ਲਈ ਤਨਖਾਹ ਅਤੇ ਭੱਤੇ ਮਿਲਦੇ ਹਨ। ਭਾਵੇਂ ਉਹ ਜਿੱਤਣ ਬਾਅਦ ਕੇਵਲ ਇੱਕ ਦਿਨ ਲਈ ਵਿਧਾਨ ਸਭਾ ਜਾਂ ਪਾਰਲੀਮੈਂਟ ਵਿਚ ਜਾਣ। ਇੱਕ ਛੋਟੇ ਤੋਂ ਛੋਟੇ ਕਰਮਚਾਰੀ ਨੂੰ ਨਿਯਮਾਂ ਅਨੁਸਾਰ ਆਮਦਨ ਟੈਕਸ ਦੇਣਾ ਪੈਂਦਾ ਹੈ, ਪਰ ਇਹਨਾਂ ਨੂੰ ਆਪਣੀ ਆਮਦਨ ਵਿੱਚੋਂ ਕੋਈ ਟੈਕਸ ਨਹੀਂ ਦੇਣਾ ਪੈਂਦਾ ਅਤੇ ਫੇਰ ਵੀ ਕਹਿੰਦੇ ਹਨ ਕਿ ਅਸੀਂ ਲੋਕ ਸੇਵਕ ਹਾਂ। 1950 ਵਿਚ ਸੰਵਿਧਾਨ ਲਾਗੂ ਹੋਇਆਂ ਨੂੰ 74 ਸਾਲ ਤੋਂ ਵੱਧ ਸਮਾਂ ਬੀਤ ਚੁੱਕਾ ਹੈ ਪਰ ਅਜੇ ਤੱਕ ਇਹ ਫੈਸਲਾ ਨਹੀਂ ਹੋਇਆ ਕਿ ਕਾਨੂੰਨ ਘਾੜੇ ਲੋਕ ਸੇਵਕ ਹਨ ਜਾਂ ਕਰਮਚਾਰੀ ਹਨ। ਜੇਕਰ ਲੋਕ ਸੇਵਕ ਹਨ ਤਾਂ ਐਨੀਆਂ ਤਨਖਾਹਾਂ ਅਤੇ ਭੱਤੇ ਕਿਉਂ ਲੈਂਦੇ ਹਨ ਅਤੇ ਜੇਕਰ ਕਰਮਚਾਰੀ ਹਨ ਤਾਂ ਆਪਣੀ ਤਨਖਾਹ ਅਤੇ ਭੱਤਿਆਂ ਵਿੱਚੋਂ ਬਣਦਾ ਟੈਕਸ ਕਿਉਂ ਨਹੀਂ ਦੇਂਦੇ ?

ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਾਈਟਸ ਅਨੁਸਾਰ ਦੁਬਾਰਾ ਚੁਣੇ ਗਏ 23 ਸਾਂਸਦਾਂ ਕੋਲ 2004 ਵਿਚ ਔਸਤਨ ਧਨ 1.52 ਕਰੋੜ ਰੁਪਏ, 2009 ਵਿਚ 3.46 ਕਰੋੜ ਰੁਪਏ, 2014 ਵਿਚ 9.85 ਕਰੋੜ ਰੁਪਏ ਅਤੇ 2019 ਵਿਚ 17.51 ਕਰੋੜ ਰੁਪਏ ਦੀਆਂ ਸੰਪਤੀਆਂ ਸਨ। ਮਤਲਬ ਕਿ 15 ਸਾਲਾਂ ਵਿਚ ਸਾਂਸਦਾਂ ਕੋਲ ਔਸਤਨ ਸੰਪਤੀਆਂ 1051.97 % ਵਧ ਗਈਆਂ। ਇਹ ਸੰਪਤੀਆਂ, ਜਾਇਦਾਦਾਂ ਅਤੇ ਨਗਦੀ ਦੇ ਰੂਪ ਵਿਚ ਹਨ। ਇਹ ਨਹੀਂ ਕਿ ਸਾਰੇ ਸਾਂਸਦਾਂ ਦੀਆਂ ਸੰਪਤੀਆਂ ਇਹਨਾਂ ਅੰਕੜਿਆਂ ਦੇ ਨੇੜੇ ਹੀ ਹੋਣ। ਇਹਨਾਂ ਵਿੱਚੋਂ ਕੁਝ ਦੀਆਂ ਸੰਪਤੀਆਂ ਕੇਵਲ 3 ਲੱਖ ਤੋਂ 6 ਲੱਖ ਰੁਪਏ ਵਿਚ ਹਨ, ਜਿਹੜੇ ਕਿ ਕੇਵਲ ਚਾਰ-ਪੰਜ ਹਨ ਅਤੇ ਕੁਝ ਦੀਆਂ ਸੰਪਤੀਆਂ ਕਈ ਕਰੋੜ ਰੁਪਏ ਹਨ। ਲੋਕ ਸਭਾ ਅਤੇ ਰਾਜ ਸਭਾ ਦੇ ਸਭ ਤੋਂ ਜ਼ਿਆਦਾ ਸੰਪਤੀਆਂ ਵਾਲੇ 6 ਸਾਂਸਦਾਂ ਦੀਆਂ ਸੰਪਤੀਆਂ ਕ੍ਰਮਵਾਰ 5300 ਕਰੋੜ ਰੁਪਏ, 2577 ਕਰੋੜ ਰੁਪਏ, 1001 ਕਰੋੜ ਰੁਪਏ, 660 ਕਰੋੜ ਰੁਪਏ, 338 ਕਰੋੜ ਰੁਪਏ ਅਤੇ 325 ਕਰੋੜ ਰੁਪਏ ਹੈ। ਰਾਜ ਸਭਾ ਦੇ 27 ਸਾਂਸਦਾਂ ਵਿੱਚੋਂ ਹਰ ਕਿਸੇ ਦੀਆਂ ਸੰਪਤੀਆਂ 100 ਕਰੋੜ ਤੋਂ ਵੱਧ ਹਨ। 100 ਕਰੋੜ ਰੁਪਏ ਜਾਂ ਉਸ ਤੋਂ ਜ਼ਿਆਦਾ ਵਾਲੇ ਬਹੁਤ ਘੱਟ ਸਾਂਸਦਾਂ ਦੇ ਆਪਣੇ ਕਾਰੋਬਾਰ ਹਨ ਜਾਂ ਉਹਨਾਂ ਦੀਆਂ ਜੱਦੀ-ਜਾਇਦਾਦਾਂ ਹਨ, ਪਰ ਬਾਕੀ ਸਾਰਿਆਂ ਕੋਲ ਕੇਵਲ ਸਾਂਸਦ ਬਣਨ ਨਾਲ ਹੀ ਐਨਾ ਧਨ ਆਇਆ ਹੈ। ਜੇਕਰ ਇੱਕ ਸਾਂਸਦ ਨੂੰ ਭੱਤਿਆਂ ਤੋਂ ਇਲਾਵਾ ਇੱਕ ਲੱਖ ਰੁਪਏ ਹਰ ਮਹੀਨੇ ਤਨਖਾਹ ਮਿਲਦੀ ਹੋਵੇ ਅਤੇ ਕੋਈ ਵਿਅਕਤੀ 30 ਸਾਲ ਸਾਂਸਦ ਰਿਹਾ ਹੋਵੇ ਅਤੇ ਤਨਖਾਹ ਵਿੱਚੋਂ ਇੱਕ ਰੁਪਿਆ ਵੀ ਖਰਚ ਨਾ ਕੀਤਾ ਹੋਵੇ ਤਾਂ ਵੀ ਉਸ ਕੋਲ ਕੇਵਲ 3.6 ਕਰੋੜ ਰੁਪਏ ਇਕੱਠੇ ਹੋਣਗੇ। ਕੀ ਇਸ ਤੋਂ ਵੱਧ ਧਨ ਵਾਲਿਆਂ ਵਿਚ ਇਮਾਨਦਾਰੀ ਹੋ ਸਕਦੀ ਹੈ ? ਕੁੱਲ 706 ਮੌਜੂਦਾ ਸਾਂਸਦਾਂ ਵਿੱਚੋਂ 306 ਉੱਤੇ ਫੌਜਦਾਰੀ ਦੇ ਕੇਸ ਹਨ, ਇਹਨਾਂ ਵਿੱਚੋਂ 194 ਉੱਤੇ ਕਤਲ, ਇਰਾਦਾ ਕਤਲ, ਔਰਤਾਂ ਪ੍ਰਤੀ ਅਪਰਾਧ ਜਾਂ ਉਧਾਲਣ ਦੇ ਕੇਸ ਹਨ ਅਤੇ ਇਹਨਾਂ ਵਿੱਚੋਂ 12 ਸਾਂਸਦਾਂ ਉੱਤੇ ਡਾਕੇ ਮਾਰਨ ਦੇ ਕੇਸ ਚੱਲ ਰਹੇ ਹਨ। ਅਜਿਹੇ ਉਮੀਦਵਾਰ ਵੀ ਹੋ ਸਕਦੇ ਹਨ, ਜਿਹਨਾਂ ਵਿੱਚੋਂ ਅਸੀਂ ਸਾਂਸਦ ਜਾਂ ਵਿਧਾਇਕ ਚੁਣਨੇ ਹੁੰਦੇ ਹਨ।

ਇਹਨਾਂ ਕਾਨੂੰਨ ਘਾੜਿਆਂ ਨੂੰ ਜਿੰਨੀ ਤਨਖਾਹ ਪੂਰੇ ਪੰਜ ਸਾਲਾਂ ਵਿਚ ਮਿਲਣੀ ਹੁੰਦੀ ਹੈ, ਉਸ ਤੋਂ ਕਈ ਗੁਣਾ ਜ਼ਿਆਦਾ ਇਹ ਚੋਣ ਜਿੱਤਣ ਲਈ ਖਰਚੇ ਕਰ ਦੇਂਦੇ ਹਨ ਅਤੇ ਫੇਰ ਵੀ ਸੈਂਕੜੇ ਕਰੋੜਾਂ ਦੇ ਮਾਲਕ ਬਣ ਜਾਂਦੇ ਹਨ। ਕੀ ਇਸ ਵਿਚ ਕੋਈ ਇਮਾਨਦਾਰੀ ਦਿਸਦੀ ਹੈ ? ਹਰ ਪਾਰਟੀ ਵਿਚ 95% ਤੋਂ ਵੱਧ ਉਹ ਹਨ, ਜਿਨ੍ਹਾਂ ਨੇ ਬੇਈਮਾਨੀ ਨਾਲ ਧਨ ਇਕੱਠਾ ਕੀਤਾ ਹੋਇਆ ਹੈ। ਫੇਰ ਕੇਸ ਕੇਵਲ ਵਿਰੋਧੀ ਪਾਰਟੀਆਂ 'ਤੇ ਹੀ ਕਿਉਂ ਦਰਜ ਕਰਵਾਏ ਜਾਂਦੇ ਹਨ ? ਜਿਹੜੇ ਬੇਈਮਾਨ ਈ ਡੀ, ਸੀ ਬੀ ਆਈ ਜਾਂ ਆਮਦਨ ਟੈਕਸ ਦੇ ਛਾਪਿਆਂ ਤੋਂ ਡਰ ਕੇ ਭਾਜਪਾ ਵਿਚ ਚਲੇ ਗਏ ਹਨ, ਉਹਨਾਂ 'ਤੇ ਛਾਪੇ ਕਿਉਂ ਨਹੀਂ ? ਵਿਰੋਧੀਆਂ 'ਤੇ ਛਾਪੇ ਇਸ ਲਈ ਨਹੀਂ ਮਰਵਾਏ ਜਾਂਦੇ ਕਿ ਉਹਨਾਂ ਤੋਂ ਦੇਸ਼ ਦੀ ਆਰਥਿਕਤਾ ਜਾਂ ਪ੍ਰਭੂਸੱਤਾ ਨੂੰ ਕੋਈ ਖਤਰਾ ਹੈ, ਬਲਕਿ ਇਸ ਲਈ ਮਰਵਾਏ ਜਾਂਦੇ ਹਨ, ਕਿਉਂਕਿ ਉਹਨਾਂ ਦੇ ਏਕੇ ਤੋਂ ਭਵਿੱਖ ਵਿਚ ਭਾਜਪਾ ਸਰਕਾਰ ਦੀ ਹੋਂਦ ਨੂੰ ਖਤਰਾ ਹੈ। ਇਸ ਸੰਬੰਧ ਵਿਚ ਇੱਕ ਇਤਿਹਾਸਕ ਘਟਨਾ ਯਾਦ ਰੱਖਣ ਵਾਲੀ ਹੈ। ਜਨਰਲ ਡਾਇਰ ਨੇ 13 ਅਪ੍ਰੈਲ 1919 ਵਾਲੇ ਦਿਨ ਜਲ੍ਹਿਆਂਵਾਲਾ ਬਾਗ ਵਿਚ ਅੰਨ੍ਹੇਵਾਹ ਗੋਲੀਆਂ ਇਸ ਲਈ ਚਲਾਈਆਂ, ਕਿਉਂਕਿ 9 ਅਪ੍ਰੈਲ 1919 ਵਾਲੇ ਦਿਨ ਹਿੰਦੂ ਅਤੇ ਮੁਸਲਮਾਨਾਂ ਵੱਲੋਂ ਮਿਲ ਕੇ ਰਾਮ ਨੌਮੀ ਮਨਾਈ ਗਈ ਸੀ, ਮਤਲਬ ਕਿ ਹਿੰਦੂ ਅਤੇ ਮੁਸਲਮਾਨਾਂ ਵਿਚ ਏਕਾ ਹੋ ਗਿਆ ਸੀ ਅਤੇ ਇਸ ਏਕੇ ਤੋਂ ਬ੍ਰਿਟਿਸ਼ ਹਕੂਮਤ ਨੂੰ ਖਤਰਾ ਹੋਣ ਕਾਰਨ ਉਹ ਖਿਝੀ ਹੋਈ ਸੀ। ਇਸੇ ਤਰਜ਼ 'ਤੇ ਭਾਜਪਾ ਸਰਕਾਰ ਅੰਨ੍ਹੇਵਾਹ ਵਿਰੋਧੀ ਪਾਰਟੀਆਂ ਉੱਤੇ ਸੀ ਬੀ ਆਈ, ਈ ਡੀ ਅਤੇ ਆਮਦਨ ਟੈਕਸ ਵਰਗੀਆਂ ਏਜੰਸੀਆਂ ਦੇ ਛਾਪੇ ਇਸ ਲਈ ਮਰਵਾ ਰਹੀ ਹੈ, ਕਿਉਂਕਿ ਇਹ ਵਿਰੋਧੀ ਪਾਰਟੀਆਂ ਦੇ ਹੋ ਰਹੇ ਏਕੇ ਤੋਂ ਖਿਝ ਗਈ ਹੈ। ਗਿਣਾਤਮਕ ਤੌਰ 'ਤੇ ਤਾਂ ਭਾਰਤ ਸੰਸਾਰ ਦਾ ਸਭ ਤੋਂ ਵੱਡਾ ਲੋਕਤੰਤਰ ਹੈ ਪਰ ਗੁਣਾਤਮਕ ਤੌਰ ਤੇ ਨਹੀਂ ਹੈ।

**# ਸੰਪਰਕ : 94176-32228**

